

# ਵਰਿਆਮ

ਸਤੰਬਰ, 1978

1/-

Namdhari Elibrary NamdhariElibrary@gmail.com



— ਆਬਾਦੀ ਦੀ ਪਹਿਲੀ ਸਵੇਰ —

Namdhari Elibrary NamdhariElibrary@gmail.com

ਮਾਸਕ ਵਰਿਆਮ ਸਤੰਬਰ 1978

ਜਿਲਦ ਨੰ: 3 ਅੰਕ ਨੰ: 11

ਕਥਨ 2
ਮਹਾਂ ਨੂਰ ਰਮੇ ਪ੍ਰਭੂ (ਕਵਿਤਾ) ਅਵਤਾਰ ਸਿੰਘ ਆਜ਼ਾਦ 3
ਸਿਮ੍ਰਤੀ ਜਗਦੀਸ਼ ਸਿੰਘ 4
ਇਹ ਕਦੋਂ ਤੱਕ ਹੁੰਦਾ ਰਹੇਗਾ ਬਲਜੀਤ ਪਨੂੰ 6
ਬਾਬਾ ਪ੍ਰਤਾਪ ਸਿੰਘ ਜੀ ਦੀਆਂ ਕੁਝ ਯਾਦਾਂ ਸ. ਕਪੂਰ ਸਿੰਘ 9
ਅਪਰਾਧੀ (ਥਾਈ ਕਹਾਣੀ) ਵੈਤਾਲ 13
ਦੋ ਲਘੂ ਕਥਾਵਾਂ ਪ੍ਰੀਤਮ ਸਿੰਘ ਕਵੀ 14—15
ਮੇਰਾ ਨਵਾਂ ਮਕਾਨ ਪ੍ਰੋ. ਬਲਬੀਰ ਸਿੰਘ 16
ਮਹਿਕ ਮੇਰੇ ਯਾਰ ਦੀ ਤਰਲੋਕ ਮਨਸੂਰ 20
ਦੇਹਧਾਰੀ ਗੁਰੂ ਦੇ ਸੰਦਰਭ ਵਿਚ ਮਹਾਰਾਜ ਬੀਰ ਸਿੰਘ 25
ਤਾਲਸਤਾਇ ਅਤੇ ਭਾਰਤੀ ਸਾਹਿਤ ਏਵਗਾਨੀ ਚੇਲੀਸ਼ੇਵ 33
ਤਾਲਸਤਾਇ ਸੰਸਾਰ ਪ੍ਰਸਿਧ ਸ਼ਖਸੀਅਤਾਂ ਦੀ ਨਜ਼ਰ ਵਿਚ 35
ਕਾਹਦੀਆਂ ਛੁਟੀਆਂ (ਕਹਾਣੀ) ਜਤਿੰਦ੍ਰ ਢਿਲੋਂ 37
ਸੰਗੀਤ ਦੀ ਪ੍ਰੀਭਾਸ਼ਾ ਪ੍ਰੋ. ਜਤਿੰਦਰ ਸਿੰਘ 39
ਪੁਸਤਕ ਰੀਵੀਊ ਕੇ. ਐਲ. ਗਰਗ 40

ਪ੍ਰਕਾਸ਼ਨ ਮਿਤੀ 9—9—1978

ਸੰਪਾਦਕ : ਜਗਦੀਸ਼ ਸਿੰਘ

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ 3/1-77-ਐਡੀਟਰਚ, ਮਿਤੀ 2-3-77 ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਮੁੱਲ ਪ੍ਰਤੀ ਕਾਪੀ : 1 ਰੁਪਿਆ
ਸਾਲਾਨਾ ਚੰਦਾ ਦੇਸ : 12 ਰੁਪਏ
,, ,, ਵਿਦੇਸ਼ : 30 ਰੁਪਏ (ਸਮੁੰਦਰੀ ਡਾਕ ਰਾਹੀਂ)
,, ,, ਵਿਦੇਸ਼ : 100 ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : 200 ਰੁਪਏ ਕੇਵਲ ਦੇਸ ਵਿਚ

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—144001,
ਫੋਨ : 72504 ਪੀ, ਪੀ,

Office Address
Monthly WARIAM
(Punjabi)
Ladowali Road
Jullundur-144001
Phone : 72504 P.P.

ਤਕਨੀਕੀ ਮਜਬੂਰੀਆਂ ਕਾਰਨ ਬਹੁਤ ਸਾਰੀਆਂ ਸਾਹਿਤਕ ਰਚਨਾਵਾਂ, ਸੂਚਨਾਵਾਂ, ਸਮਾਚਾਰ, ਇਸ਼ਤਿਹਾਰ ਅਤੇ ਪਾਠਕਾਂ ਦਾ ਪੰਨਾ ਇਸ ਅੰਕ ਵਿਚ ਛਪਣੋਂ ਰਹਿ ਗਏ ਹਨ। ਜੋ ਅਗਲੇ ਅੰਕ ਵਿਚ ਲਾਏ ਜਾਣਗੇ। —ਸੰਪਾਦਕ

ਮੁਖ ਪੰਨਾ :—ਸਤਿਗੁਰੂ ਪ੍ਰਤਾਪ ਸਿੰਘ



Namdhari Elibrary NamdhariElibrary@gmail.com

# ਮਹਾਂ ਪੁਰਸ਼

❖ ਜਾਗੋ ਉਠੋ, ਮਹਾਂ ਪੁਰਸ਼ਾਂ ਨੂੰ ਲਭੋ ਤੇ ਉਹਨਾਂ ਤੋਂ ਕੁਝ ਸਿਖੋ।

—ਕਠ ਉਪਨਿਸ਼ਦ

❖ ਜੋ ਆਦਮੀ ਇਸ ਗੱਲ ਦੀ ਪਰਵਾਹ ਨਾ ਕਰੇ ਕਿ ਉਸ ਦੇ ਗੁਣਾਂ ਦੀ ਕਦਰ ਪੈਂਦੀ ਹੈ ਜਾਂ ਨਹੀਂ ਉਹ ਸਹੀ ਅਰਥਾਂ ਵਿਚ ਮਹਾਂ ਪੁਰਸ਼ ਹੈ।

—ਕਨਫਿਊਸ਼ੱਸ

❖ ਕੋਈ ਵੀ ਮਹਾਨ ਆਦਮੀ ਕਦੇ ਮੌਕੇ ਦੀ ਘਾਟ ਦੀ ਸ਼ਕਾਇਤ ਨਹੀਂ ਕਰਦਾ।

—ਐਮਰਸਨ

❖ ਸਾਰੇ ਮਹਾਂ ਪੁਰਸ਼ਾਂ ਦੀਆਂ ਜੀਵਨੀਆਂ ਸਾਨੂੰ ਇਹ ਸਿਖਿਆ ਦਿੰਦੀਆਂ ਹਨ ਕਿ ਅਸੀਂ ਵੀ ਆਪਣੇ ਜੀਵਨ ਨੂੰ ਉਚਾ ਤੇ ਸੁਚਾ ਬਣਾ ਸਕਦੇ ਹਾਂ।

—ਲਾਂਗ ਫੈਲੋ

❖ ਦੁਨੀਆ ਦੇ ਮਹਾਨ ਆਦਮੀ ਮਹਾਨ ਵਿਦਵਾਨ ਨਹੀਂ ਸਨ, ਤੇ ਨਾ ਹੀ ਮਹਾਨ ਵਿਦਵਾਨ ਮਹਾਨ ਆਦਮੀ।

—ਹੋਮਜ਼

❖ ਮਹਾਂ ਪੁਰਸ਼ ਸਿਤਾਰੇ ਹਨ ਜੋ ਧਰਤੀ ਨੂੰ ਰੁਸ਼ਨਾਉਣ ਲਈ ਆਪਣਾ ਆਪ ਜਲਾ ਦਿੰਦੇ ਹਨ।

—ਥਾਮਸ ਹਾਰਡੀ

# ਘਿਰਣਾ

❖ ਪਿਆਰ ਨਾਲ ਘਿਰਣਾ ਨੂੰ ਜਿਤੋ। ਲਾਲਚੀਆਂ ਨੂੰ ਸਖਾਵਤ ਨਾਲ, ਝੂਠਿਆਂ ਨੂੰ ਸੱਚ ਨਾਲ। ਘਿਰਣਾ ਨਾਲ ਘਿਰਣਾ ਖ਼ਤਮ ਨਹੀਂ ਹੁੰਦੀ। ਘਿਰਣਾ ਪਿਆਰ ਨਾਲ ਖ਼ਤਮ ਹੁੰਦੀ ਹੈ।

—ਮਹਾਤਮਾ ਬੁਧ

❖ ਮਨੁੱਖ ਨੂੰ ਮਨੁੱਖ ਤੋਂ ਘਿਰਣਾ ਜਿਹਾ ਵੱਡਾ ਪਾਪ ਤੇ ਜ਼ੁਲਮ ਹੋਰ ਹੈ ਹੀ ਕੋਈ ਨਹੀਂ।

—ਅਰਜਨ ਸਿੰਘ ਗੜਗੱਜ



Namdhari Elibrary NamdhariElibrary@gmail.com

# ਮਹਾਂ ਨੂਰ ਰਮੇ ਪ੍ਰਭੂ

**ਮਹਾਂ ਕਵੀ ਸਵ: ਅਵਤਾਰ ਸਿੰਘ 'ਆਜ਼ਾਦ' ਵਲੋਂ**
**ਸਤਿਗੁਰੂ ਪ੍ਰਤਾਪ ਸਿੰਘ ਨੂੰ ਸ਼ਰਧਾਂਜਲੀ।**

ਕਲਪਣਾ ਮੇਰੀ ਕਲਾਵੇ ਲੱਗਦੀ,
ਮਸਤੀਆਂ ਦੀ ਮੌਜ-ਮਸਤੀ ਮਾਣਦੀ,
ਬਦਲਾਂ ਤੇ ਪੋਲਦੀ, ਹੋਰ ਉਠਦੀ
ਉਚੀਆਂ ਪੁਰੀਆਂ ਦੇ ਵਿਚੋਂ ਲੰਘਦੀ,
ਦਿੱਬ-ਨੈਣਾਂ ਨਾਲ ਹੈ ਵੇ ਵੇਖਦੀ
ਮੇਰੇ ਪ੍ਰੀਤਮ, ਮੇਰੇ ਪਿਆਰੇ ਨੂਰ ਜੀ
ਦਿਉਤਿਆਂ ਦੇ ਦੇਸ ਵਿਚੋਂ ਵਿਚਰਦੇ
ਆਪਣੇ ਸਚ ਖੰਡ ਵਿਚ ਸ੍ਵਾਗਤ ਲੈ ਰਹੇ।
ਕਿੰਨਰਾਂ ਦੇ ਨਾਚ ਰੰਗਲੇ ਹੋ ਰਹੇ।
ਗਾ ਰਹੇ ਗੰਧਰਵ ਮਿਲ ਗੁਰ-ਸ਼ਬਦ ਨੇ।
ਸ਼ਿਵ ਬ੍ਰਹਮਾ ਵਿਸ਼ਨੂ ਇਸ ਪਿਆਰੇ ਤਾਈਂ
ਰੂਪ ਭਰਕੇ ਨੂਰ-ਮਣੀ ਜੈ! ਜੈ! ਕਰਨ।
ਮੰਘ-ਗਣ ਆਕਾਸ਼ ਤੇ ਹਨ ਛਾ ਰਹੇ,
ਮੇਰੇ ਪਿਆਰਾਂ ਨੂੰ ਹੁਲਾਰੇ ਆ ਰਹੇ,
ਮੇਰਾ ਪ੍ਰੀਤਮ, ਮੇਰਿਆਂ ਨੈਣਾ ਸਵ੍ਹੇਂ
ਆਪਣੀ ਭਗਤੀ ਦਾ ਇਨਾਮ ਹੈ ਲੈ ਰਿਹਾ
ਆਪ ਮੁਕਤੀ ਵਰਨ ਲਈ ਇਸ ਮੀਤ ਨੂੰ
ਅਤਿ ਅਨੂਪਮ ਰੂਤ ਮੋਹਣੀ ਧਾਰਿਆ
ਇਸ ਦੀਆਂ ਪ੍ਰੀਤਾਂ ਕਬੂਲੀਆਂ ਪ੍ਰਭੂ ਨੇ।
ਇਸਦੇ ਚਰਨਾਂ ਨਾਲ ਲਗੀਆਂ ਬਰਕਤਾਂ,
ਮਿਹਰ ਸਾਇਆ ਜਗਤ ਉਤੇ ਕਰਦੀਆਂ,
ਰਬ-ਮੇਹਰਾਂ ਵਿਚ ਹੈਨ ਸਮੋ ਗਈਆਂ।
ਉਸਦੇ ਮਸਤਾਨੇ ਦਿਵਾਨੇ ਓਸ ਦੇਸ
ਆਪਣਾ ਪ੍ਰੀਤਮ ਵੇਖ ਰੰਗ 'ਚ ਨਚ ਪਏ।

*   *   *   *

ਵੇਖਦਾ ਹਾਂ ਧਰਤ ਤੇ ਹੰਝੂ ਅਸੰਖ,
ਨੂਰਿ-ਨਜ਼ਰਾਂ ਨਾਲ ਤੈਨੂੰ ਲੱਭ ਰਹੇ।
ਨੇਹੁੰ ਤੇਰਾ, ਪਿਆਰ ਤੇਰਾ ਪ੍ਰੀਤਮਾ।
ਤੇਰੀਆਂ ਮਿਹਰਾਂ ਨੂੰ ਦਾਤਾ ਤਰਸਦੇ,
ਤੂੰ ਜੁ ਦਿਤਾ ਪਿਆਰ ਉਸਦੀ ਦ੍ਰਵਤਾ
ਸਾਡਿਆਂ ਨੈਣਾਂ 'ਚੋਂ ਸਾਵਨ ਜਿਉਂ ਵਸੇ।
ਹਾਏ ਪ੍ਰੀਤਮ ਚਰਨ-ਕੰਵਲਾਂ ਤੇਰਿਆਂ,
ਪਰਸਣ ਲਈ ਲੁਛ ਰਹੇ, ਧਰ ਤੇ ਲਿਟੇ।
ਤੇਰੇ ਦੀਵਾਨੇ ਤੇਰੀ ਰਹਿਮਤ ਲਈ
ਝੋਲੀਆਂ ਨੇ ਨੂਰ-ਧੁਪੀਆਂ ਅੱਡ ਰਹੇ।
ਇਕ ਪਲ ਵਿਛੜਨ ਤੇਰਾ ਸੈ ਜੁਗ ਜਿਹਾ,
ਕਿੰਜ ਸਹਿ ਸਕੀਏ ਤੇਰਾ ਇਹ ਵਿਛੜਨਾ!

*   *   *   *

ਮੇਰੇ ਜਾਨੀ, ਮੈਂ ਤੇ ਗੀਝਣ ਵਾਲੜੇ,
ਮੇਰੀਆਂ ਭੁਲਾਂ ਖਤਾਵਾਂ ਬਖ਼ਸ਼ਕੇ
ਆਪਣੀ ਬਖਸ਼ਸ਼ ਦੇ ਕਲਾਵੇ ਲਾਉਂਦੇ,
ਮੇਰੀਆਂ ਨਜ਼ਰਾਂ 'ਚ ਨਜ਼ਰਾਂ ਪਾਉਂਦੇ,
ਮੈਨੂੰ ਹੋਰੇਂ ਵੇਖ ਕਹਿਕਹੇ ਲਾਉਂਦੇ,
ਆਪਣੀ ਹੈ ਨੇ ਚਰਨ-ਧੂੜੀ ਬਖਸ਼ਦੇ।
ਵੇਖਦਾ ਹਾਂ ਭੂਮ-ਪਾਵਨ ਚੁੰਮਦੇ,
ਉਸਦੇ ਪ੍ਰੇਮੀ, ਉਸਦੇ ਆਸ਼ਕ ਹੋਵਿਦੇ,
ਉਸਦੀ ਯਾਦ ਅੰਦਰ ਨਿਰਾ ਬਿਰਹਾ ਬਣੇ,
ਧੁਖ ਰਹੇ, ਧਤ ਤੇ ਲਿਟੇ, ਬਉਲੇ ਬਣੇ,
ਓਸਦੀ ਦਿਬ-ਜੋਤਨਾ ਲਈ ਤਰਸਦੇ,
ਬ੍ਰਿਹੋਂ ਕੂਕਾਂ ਮਾਰਦੇ ਬੇਹੋਸ਼ ਨੇ।
ਵੇਖਦਾ ਹਾਂ ਨੈਣ ਜੋਤੀ ਮੁਸਕਦੇ,
ਮਿਹਰ-ਨਜ਼ਰਾ ਪਿਆਰਿਆਂ ਤੇ ਸੁਟਦੇ,
ਬਖਸ਼ਸ਼ਾਂ ਦੇ ਬਣ ਗਏ ਭੰਡਾਰ ਨੇ।
ਸਾਡੀਆਂ ਰਾਹਾਂ ਨੂੰ ਉਏਂ ਉਜਲਾਂਵਦੇ,
ਸਾਡੇ ਪਿਆਰਾ ਦਾ ਹਨ ਸੁੰਘ ਰਹੇ ਸਰੂਰ।
ਆਪਣੇ ਜਾਨੀ ਆਪਣੇ ਪ੍ਰੀਤਮ ਦੇ ਹਜ਼ੂਰ।
ਲੈ ਰਹੀ ਹੈ ਰੂਹ ਮੇਰੀ ਅਮਿਓ ਸਰੂਰ।
ਮੇਰੀਆਂ ਨਜ਼ਰਾਂ ਨੇ ਦਰਸ਼ਨ ਕਰਦੀਆਂ,
ਮੇਰੀਆਂ ਇਹ ਆਲੀਆਂ ਤੇ ਭੋਲੀਆਂ।
ਅਖੀਆਂ ਨੇ ਨੂਰਿ-ਲਰਜ਼ਾ ਲੈਂਦੀਆਂ।
ਓਹੋ ਛੋਹਾਂ-ਚਰਨ-ਮੱਥਾ ਚੁੰਮਦੀਆਂ
ਓਸਦੀਆਂ ਮਿਹਰਾਮਤਾਂ, ਛਡ ਬਖਸ਼ਿਸ਼ਾਂ।
ਉਂਜ ਹੀ ਨੇ ਨੂਰ-ਅੰਮ੍ਰਿਤ ਸਿੰਜਦੀਆਂ।
ਉਂਜ ਹੀ ਰੰਗ ਵਿਚ ਰਮਕੇ ਮੁਸਕਣਾਂ,
ਉਂਜ ਹੀ ਸਭ ਲਈ ਬਖਸ਼ਸ਼ ਮੰਗਣਾਂ।
ਉਂਜ ਹੀ ਸੰਕੇਤ ਕਰਦੇ ਮੈਂ ਤਕਾਂ
ਆਪਣੇ ਬਚਿਆਂ ਵਾਸਤੇ ਨੇ ਦ੍ਰਵ ਰਹੇ।
ਮਹਾਂ-ਨੂਰਾਂ ਦੀ ਪਵਿਤ੍ਰਤਾ ਧੁਪੇ,
ਮਹਾਂ-ਨੂਰ ਅੰਦਰ ਅਡੋਲ ਨੇ ਰਮ ਗਏ।
ਨਾ ਜਨਮ ਨਾ ਮਰਨ ਦੇ ਇਹ ਗੇੜ ਵਿਚ
ਇਹ ਤਾਂ ਉਪਕਾਰੀ ਪ੍ਰਭੂ ਜੀਅ ਦਾਨ ਦੇਣ
ਆਏ ਸਾਡੇ ਜਗਤ ਵਿਚ ਤੇ ਤੁਰ ਗਏ।



Namdhari Elibrary NamdhariElibrary@gmail.com

# ਸਿਮ੍ਰਤੀ



(ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਠਾਰਵੀਂ ਬਰਸੀ ਨੂੰ ਸਮਰਪਤ ।)

ਦੁਆਪਰ ਜੁਗ ਦੀ ਪ੍ਰਮੁਖ ਵਾਰਤਾ ਹੈ। ਮਥਰਾ ਨਗਰੀ ਦੇ ਕੰਸ ਨਾਮੀ ਜ਼ਾਲਮ ਰਾਜਾ ਦੇ ਅਤਿਆਚਾਰਾਂ ਤੋਂ ਲੋਕਾਂ ਵਿਚ ਹਾਹਾਕਾਰ ਮਚੀ ਹੋਈ ਸੀ—ਰਾਜ ਜੋਤਸ਼ੀਆਂ ਨੇ ਕੰਸ ਨੂੰ ਭਵਿਖ ਬਾਣੀ ਦਸੀ ਹੋਈ ਸੀ "ਤੇਰੀ ਮੌਤ ਤੇਰੀ ਭੈਣ ਦੀ ਔਲਾਦ ਦੇ ਹਥੋਂ ਹੋਵੇਗੀ। ਰਾਜੇ ਨੇ ਆਪਣੀ ਭੈਣ ਨੂੰ ਕੈਦ 'ਚ ਸੁਟ ਕੇ ਉਸਦੀ ਹਰ ਜਮਦੀ ਔਲਾਦ ਨੂੰ ਮਾਰਨਾ ਸ਼ੁਰੂ ਕਰ ਦਿਤਾ। ਪਰ ਇਕ ਦਿਨ ਅੰਤਾਂ ਦਾ ਮੀਂਹ ਹਨੇਰੀ ਤੇ ਠਕਾ ਆਇਆ। ਦਰਿਆਵਾਂ ਵਿਚ ਹੜ ਆ ਗਏ। ਅਜਿਹੇ ਸਮੇਂ ਬਾਲਕ ਕ੍ਰਿਸ਼ਨ ਦਾ ਜਨਮ ਹੋਇਆ। ਪਿਤਾ ਜਮਦੇ ਬਾਲਕ ਨੂੰ ਹੀ ਹੜੀ ਜਮਨਾਂ ਨਦੀ ਵਿਚ ਲੈ ਠਿਲਿਆ। ਜਮਨਾ ਦਾ ਭਿਆਨਕ ਪ੍ਰਕੋਪ ਉਦੋਂ ਹੀ ਮਠਾ ਪੈਣਾ ਸ਼ੁਰੂ ਹੋਇਆ ਜਦੋਂ ਬਾਲਕ ਕ੍ਰਿਸ਼ਨ ਦੇ ਪੈਰਾਂ ਦੀ ਛੋਹ ਪ੍ਰਾਪਤ ਹੋਈ। ਇਸ ਬਾਲਕ ਕ੍ਰਿਸ਼ਨ ਨੇ ਫੇਰ ਕੰਸ ਨੂੰ ਮਾਰ ਕੇ ਉਸ ਦੇ ਜ਼ੁਲਮਾਂ ਦਾ ਖਾਤਮਾ ਕੀਤਾ।

ਉਨੀਂਵੀਂ ਸਦੀ ਦੇ ਕੰਸ ਨੂੰ ਵੀ ਜਯੋਤਸ਼ੀਆਂ ਦਸਿਆ ਸੀ ਕਿ ਤੇਰਾ ਕਾਲ ਪੰਜਾਬ ਦੇ ਇਕ ਛਟ ਜਿਹੇ ਪਿੰਡ ਵਿਚ ਪੈਦਾ ਹੋਇਗਾ। ਇਸ ਵਾਸਤੇ ਮਾਡਰਨ ਕੰਸ ਨੇ ਵੀ ਆਪਣੇ ਵੈਰੀ ਪਰਿਵਾਰ ਨੂੰ ਮਾਰਨਾ ਤੇ ਕੈਦ ਕਰਨਾ ਸ਼ੁਰੂ ਕੀਤਾ। ਅਨੇਕਾਂ ਥਾਵਾਂ ਤੇ ਉਸ ਨੇ ਆਪਣੇ ਵਲੋਂ ਸੰਭਾਵੀ ਕਾਲ ਨੂੰ ਫਾਂਸੀਆਂ ਤੇ ਚਾੜ ਕੇ ਮੁਕਾਇਆ। ਇਸ ਕਾਲ ਨੂੰ ਖਤਮ ਕਰਨ ਲਈ ਉਸ ਨੇ ਸਭ ਕਾਇਦੇ ਕਾਨੂੰਨਾਂ ਨੂੰ ਛਿਕੇ ਟੰਗ ਕੇ ਗਰੋਹਾਂ ਦੇ ਗਰੋਹ ਤੋਪਾਂ ਨਾਲ ਉੜਾ ਦਿਤੇ ਜਾਂ ਕਾਲ ਕੋਠੜੀਆਂ ਵਿਚ ਸੁਟ ਦਿਤੇ।

ਪਰ ਉਹ ਆਪਣੇ ਕਾਲ ਦੇ ਜਨਮ ਨੂੰ ਨਾ ਰੋਕ ਸਕਿਆ।

ਇਹ ਕੰਸ ਸੀ ਅੰਗ੍ਰੇਜ਼ ਸਾਮਰਾਜ ਅਤੇ ਨਵੇਂ ਜੁਗ ਦਾ ਕ੍ਰਿਸ਼ਨ : ਸਤਿਗੁਰੂ ਪ੍ਰਤਾਪ ਸਿੰਘ।

ਸਤਿਗੁਰੂ ਪ੍ਰਤਾਪ ਸਿੰਘ ਦਾ ਜਨਮ ਵੀ ਬੰਦੀ ਖਾਨੇ ਵਿਚ ਹੀ ਹੋਇਆ। ਇਹ ਬੰਦੀ ਖਾਨਾ ਉਹਨਾਂ ਦਾ ਆਪਣਾ ਹੀ ਘਰ ਸੀ ਜਿਸਦੇ ਦਰਾਂ ਮੂਹਰੇ ਪੁਲਸ ਦੀ ਵਿਸ਼ੇਸ਼ ਚੌਕੀ ਬੈਠੀ ਸੀ। ਡੇਰੇ ਦੇ ਵਾਸੀਆਂ ਦੀ ਰੋਜ਼ ਹਾਜ਼ਰੀ ਲਗਦੀ। ਛੇਆਂ ਮਹੀਨਿਆਂ 'ਚ ਕੇਵਲ ਇਕ ਵਾਰ ਹੀ ਗੁਰੂ ਦਰਸ਼ਨ ਨਸੀਬ ਹੋ ਸਕਦਾ। ਪਿੰਡ ਪਿੰਡ ਕੂਕੇ ਨਜ਼ਰਬੰਦ ਸਨ। ਉਹਨਾਂ ਦੇ ਪ੍ਰਚਾਰ ਅਤੇ ਚਲਣ ਫਿਰਨ ਤੇ ਕਰੜੀ ਪਾਬੰਦੀ ਸੀ। ਦੇਸ ਵਿਦੇਸ਼ ਦੀਆਂ ਜੇਹਲਾਂ ਵਿਚ ਵੀ ਉਹ ਕਰੜੀਆਂ ਮੁਸ਼ਕਤਾਂ ਭੁਗਤ ਰਹੇ ਸਨ। ਪਿਤਾ ਸਤਿਗੁਰੂ ਹਰੀ ਸਿੰਘ ਤੇ ਮਾਤਾ ਜੀਵਨ ਕੌਰ ਧੀਰਜ ਨਾਲ ਬੜੇ ਸੁਚੇਤ ਹੋ ਕੇ ਇਹਨਾਂ ਮੁਸੀਬਤਾਂ ਨਾਲ ਜੂਝ ਕੇ ਆਪਣੀ ਉਮਤ ਦੀ ਰਾਖੀ ਕਰ ਰਹੇ ਸਨ।

ਅਜਿਹੇ ਵਾਤਾਵਰਨ ਵਿਚ ਸਤਿਗੁਰੂ ਪ੍ਰਤਾਪ ਸਿੰਘ ਦਾ ਜਨਮ ਹੋਇਆ ਅਤੇ ਜਨਮ ਦੇ ਨਾਲ ਹੀ ਮੁਸੀਬਤਾਂ ਦੀ ਜਮਨਾ ਦੇ ਵੇਗ ਦੇ ਮਠੇ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਸਾਰ ਰੰਗ ਮੰਚ ਤੇ ਆਉਣ ਨਾਲ ਹੀ ਨਾਮਧਾਰੀਆਂ ਵਿਚ ਨਵਾਂ ਉਤਸਾਹ ਪਸਰ



Namdhari Elibrary NamdhariElibrary@gmail.com

ਗਿਆ। ਨਵੇਂ ਬਾਲਕ ਦੇ ਦਿਬ ਦ੍ਰਸ਼ਨਾਂ ਚੋਂ ਉਹਨਾਂ ਆਪਣੀ ਬੰਦ ਖਲਾਸ ਦੇ ਅਕਸ ਤੱਕੇ। ਉਹਨਾਂ ਦੇ ਗੰਭੀਰ ਤੇ ਰੋਹਲੇ ਚੇਹਰਿਆਂ ਤੇ ਨਵੀਆਂ ਪੌਣਾਂ ਰੁਮਕਨ ਲਗੀਆਂ। ਆਸ ਵਿਸ਼ਵਾਸ਼ ਤੇ ਸਵੈਮਾਨ ਦਾ ਪਹੁ ਫੁਟਾਲਾ ਹੋਇਆ ਅਤੇ ਉਹਨਾਂ ਨੂੰ ਸਮਾਜ ਦੇ ਕਲਿਆਨ ਵਾਸਤੇ ਨਵੇਂ ਪ੍ਰਕਾਸ਼ ਦਾ ਅਨੂਠਾ ਅਨੁਭਵ ਹੋਇਆ।

ਸਤਾਰਾਂ ਸਾਲਾਂ ਦੀ ਗਭਰੇਟ ਉਮਰ ਵਿਚ ਹੀ ਨਾਮਧਾਰੀ ਸਮਾਜ ਦੀ ਸੰਭਾਲ ਦੀ ਜ਼ੁਮੇਵਾਰੀ ਆਪ ਦੇ ਮੋਢਿਆਂ ਤੇ ਆ ਪਈ ਅਤੇ ਇਸ ਪਿਛੋਂ ਹਰ ਖੇਤਰ : ਰਾਜਨੀਤਕ, ਧਾਰਮਕ, ਸਮਾਜਕ, ਸਾਹਿਤਕ, ਸਭਿਆਚਾਰਕ ਅਤੇ ਆਰਥਕ ਮੈਦਾਨ ਵਿਚ ਨਾਮਧਾਰੀਆਂ ਦਾ ਪੁਨਰ ਵਿਕਾਸ ਆਰੰਭ ਹੋਇਆ।

ਦੇਸ਼ ਸੁਤੰਤਰਤਾ ਦੀ ਜਗ ਵਿਚ ਕਾਂਗਰਸ ਅੰਦੋਲਨ ਨੂੰ ਪੂਰੀ ਤਰਾਂ ਸਹਿਯੋਗ ਤੇ ਬਲ ਦੇ ਕੇ ਪੰਜਾਬ 'ਚ ਪੈਰਾਂ ਤੇ ਖੜਿਆਂ ਕੀਤਾ। ਪੰਜਾਹ ਸਾਲਾਂ ਤੋਂ ਕੂਕਿਆਂ ਦੀ ਹਿੱਕ ਤੇ ਮੂੰਗ ਦਲ ਰਹੀ ਪੁਲਸ ਦੀ ਵਿਸ਼ੇਸ਼ ਚੌਕੀ ਉਠਵਾ ਕੇ ਆਜ਼ਾਦੀ ਦੇਵੀ ਦਾ ਰਾਹ ਸਾਫ ਕੀਤਾ।

ਰਾਵੀ ਦੇ ਕੰਢੇ ਲਾਹੌਰ ਵਿਚ, 1929 ਨੂੰ ਹੋਇਆ ਕਾਂਗਰਸ ਦਾ ਮਸ਼ਹੂਰ ਸਾਲਾਨਾ ਸਮਾਗਮ ਆਜ਼ਾਦੀ ਦੀ ਲੜਾਈ ਵਿਚ ਮੀਲ ਪੱਥਰ ਸੀ। ਇਥੇ ਪੰਡਤ ਜਵਾਹਰ ਲਾਲ ਦੀ ਪ੍ਰਧਾਨਗੀ ਵਿਚ ਪਹਿਲੀ ਵਾਰ ਸੰਪੂਰਨ ਆਜ਼ਾਦੀ ਦਾ ਮਤਾ ਪਾਸ ਹੋਇਆ ਸੀ। ਪਰ ਕਰਨਾ ਰਬ ਦਾ, ਅਕਾਲੀ ਪਾਰਟੀ ਬਾਬਾ ਖੜਕ ਸਿੰਘ ਦੀ ਕਮਾਨ ਹੇਠ ਇਸ ਸਮਾਗਮ ਦੇ ਬਾਈਕਾਟ ਦਾ ਐਲਾਨ ਕਰਕੇ ਇਸ ਨੂੰ ਪੂਰਨ ਰੂਪ ਵਿਚ ਅਸਫਲ ਕਰਨ ਦਾ ਪ੍ਰੋਗਰਾਮ ਤਹਿ ਕਰ ਚੁਕੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਵਿਚ ਉਹਨਾਂ ਦੇ ਛੋਟੇ ਭਰਾਤਾ ਮਹਾਰਾਜ ਨਿਹਾਲ ਸਿੰਘ ਦੀ ਕਮਾਨ ਹੇਠ ਨਾਮਧਾਰੀ ਇਸ ਕਾਨਫਰੰਸ ਦੀ ਸਫਲਤਾ ਵਾਸਤੇ ਦਿਨ ਰਾਤ ਜਤਨ ਸ਼ੀਲ ਸਨ। ਗੁਰੂ ਜੀ ਦੇ ਮਾਤਾ ਜੀ, ਪੂਜਯ ਮਾਤਾ ਜੀਵਨ ਕੌਰ ਦੀ ਅਗਵਾਈ ਵਿਚ ਗੁਰੂ ਕਾ ਲੰਗਰ ਖੁਲਾ ਸੀ। ਪੰਡਤ ਨਹਿਰੂ ਦੇ ਜਲਸ ਦੀ ਅਗਵਾਈ ਸੈਂਕੜੇ ਨਾਮਧਾਰੀ ਘੋੜ ਅਸਵਾਰਾਂ ਨੇ ਕਰਕੇ ਭਾਰਤ ਦੀ ਮੁਕਤੀ ਲਈ ਲੜੇ ਜਾ ਰਹੇ ਸ਼ਾਂਤਮਈ ਮਹਾ ਭਾਰਤ ਦੇ ਅਰਜਨ ਦੇ ਰੱਥ ਦੀ ਵਾਗ ਸੰਭਾਲੀ। ਅੰਗਰੇਜ਼ੀ ਹਕੂਮਤ ਵਿਰੁਧ ਆਪਣੇ ਦਿਵਾਨਾਂ ਅਤੇ ਵਿਸ਼ੇਸ਼ ਕਾਨਫਰੰਸਾਂ ਵਿਚ ਧੜਲੇਦਾਰ ਪਰਚਾਰ ਕੀਤਾ। ਇਹ ਕੇਵਲ ਤੇ ਕੇਵਲ ਨਾਮਧਾਰੀ ਦੀਵਾਨਾਂ ਦਾ ਹੀ ਖਾਸਾ ਸੀ ਕਿ ਜਥੇਦਾਰ ਉਚੀਆਂ ਬਾਂਹਵਾਂ ਕਰ ਕੇ ਪੜ੍ਹਦੇ ਹੁੰਦੇ ਸਨ:

"ਨੱਠੇ ਜਾਣ ਫਰੰਗੀ ਵਜਣ ਘੂੰਗਰੂ".

ਅਤੇ

"ਨਹੀਂ ਰਹਿਣੀ ਸਰਕਾਰ ਜ਼ਾਲਮ ਨਹੀਂ ਰਹਿਣੀ"

ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਸੰਤ ਨਿਧਾਨ ਸਿੰਘ ਆਲਮ, ਪੰਡਤ ਮੁਨਸ਼ਾ ਸਿੰਘ, ਸੰਤ ਅਣਖਾ ਸਿੰਘ ਆਦਿਕ ਨੇ ਕਾਂਗਰਸ ਦੀਆਂ ਉਚੀਆਂ ਪਦਵੀਆਂ ਵੀ ਸਾਂਭੀਆਂ, ਮੋਰਚਿਆਂ, ਦੇ ਡਿਕਟੇਟਰ, ਵੀ ਬਣੇ, ਪਿਕਟਿੰਗ ਵੀ ਕੀਤੀ ਅਤੇ ਜੇਹਲ ਜਾਣ ਵਾਲੇ ਜਥਿਆਂ ਦੀ ਅਗਵਾਈ ਵੀ ਕੀਤੀ।

15 ਅਗਸਤ 1947 ਨੂੰ ਭਾਰਤ ਵਿਚੋਂ ਅੰਗਰੇਜ਼ ਸਾਮਰਾਜ ਦੀ ਜੜ੍ਹ ਪੁਟੇ ਜਾਣ ਨਾਲ ਸਾਰੇ ਸੰਸਾਰ ਵਿਚੋਂ ਹੀ ਉਸਦਾ ਬਿਸਤਰਾ ਗੋਲ ਹੋਣ ਦਾ ਸ੍ਰੀ ਗਣੇਸ਼ ਹੋ ਗਿਆ।

ਪਰ ਆਜ਼ਾਦੀ ਦਾ ਜੋ ਖੁਸ਼ੀਆਂ ਭਰਿਆ ਮੌਕਾ ਹੋਣਾ ਸੀ ਉਹ ਫਿਰਕੂ ਫਸਾਦਾਂ ਨੇ ਗਮਗੀਨ ਬਣਾ ਦਿਤਾ ਸੀ। ਆਜ਼ਾਦੀ ਦੀ ਦੇਵੀ ਲਹੂ ਪੀਣ ਤੋਂ ਬਗੈਰ ਨਾ ਹੀ ਮੰਨੀ। ਇਸ ਭਿਆਨਕ ਸਥਿਤੀ ਨੂੰ ਬਹੁਤ ਚੰਗੀ ਤਰ੍ਹਾਂ ਘੋਖਣ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 15 ਅਗਸਤ ਤੋਂ ਪਹਿਲਾਂ ਪੱਛਮੀ ਪੰਜਾਬ ਦੇ ਪਿੰਡ ਪਿੰਡ ਮੋਟਰ ਘੁਮਾਈ ਤੇ ਸੰਦੇਸ਼ ਦਿਤਾ ਕਿ "ਰਾਵੀ ਤੋਂ ਪਾਰ ਜਾਵੋ ਇਹ ਹੋਣੀ ਅਟੱਲ ਹੈ। ਲੀਡਰਾਂ ਦੇ ਦਿਲਾਂ ਵਿਚ ਹੋਰ ਹੈ ਮੂੰਹ ਵਿਚ ਕੁਝ ਹੋਰ।" ਇਸ ਆਦੇਸ਼ ਦੁਆਰਾ ਉਹਨਾਂ ਹਜ਼ਾਰਾਂ ਦ੍ਰੋਪਤੀਆਂ ਦੀ ਲਾਜ ਬਚਾਈ।

ਅੱਜ ਦੇ ਫਿਰਕੂ ਤਨਾਅ ਭਰੇ ਮਾਹੌਲ ਵਿਚ ਉਹਨਾਂ ਦੀ ਪਾਵਨ ਸ਼ਖਸੀਅਤ ਦੀ ਯਾਦ ਆਉਣੀ ਕੁਦਰਤੀ ਹੀ ਹੈ। ਹਰ ਵਰਗ, ਹਰ ਰੰਗ ਤੇ ਹਰ ਤਰ੍ਹਾਂ ਦੀ ਸੋਚਣੀ ਵਾਲੇ ਬੰਦਿਆਂ ਨੂੰ ਅਨੇਕਤਾ ਵਿਚ ਏਕਤਾ ਦੀ ਜਾਚ ਸਿਖਾਉਣ ਵਾਸਤੇ ਉਹਨਾਂ ਕਈ 'ਸਰਬ ਧਰਮ' 'ਹਿੰਦੂ ਸਿੱਖ ਮਿਲਾਪ', 'ਗੁਰੂ ਨਾਨਕ ਸਰਬ ਸੰਪ੍ਰਦਾਇ' ਅਤੇ ਗੁਰਮਤ ਸੰਗੀਤ ਕਾਨਫਰੰਸਾਂ ਕਰਕੇ ਅਤੇ ਨਿਜੀ ਮੇਲ ਮਿਲਾਪ ਦੇ ਜਤਨਾਂ ਦੁਆਰਾ ਪ੍ਰਸਪਰ ਸਦ ਭਾਵਨਾ ਦਾ ਮਾਹੌਲ ਪੈਦਾ ਕੀਤਾ।

(ਬਾਕੀ ਸਫਾ 8 ਤੇ)



Namdhari Elibrary NamdhariElibrary@gmail.com

# ਇਹ ਕਦੋਂ ਤੱਕ ਹੁੰਦਾ ਰਹੇਗਾ ?

—ਬਲਜੀਤ ਪੰਨੂੰ

ਦਿੱਲੀ ਦੀ ਭੈਣ-ਭਰਾ ਜੋੜੀ—ਗੀਤਾ ਚੋਪੜਾ ਅਤੇ ਸੰਜੇ ਚੋਪੜਾ—ਦੇ ਦਰਦਨਾਕ ਕਤਲ ਨੇ ਸਾਰੇ ਦੇਸ਼ ਵਿਚ ਜੋ ਹਿਲਜੁਲ ਪੈਦਾ ਕੀਤੀ ਹੈ, ਉਹ ਸ਼ਾਇਦ ਪਹਿਲਾਂ ਕਿਸੇ ਅਜੇਹੇ ਜੁਰਮ ਪਿਛੋਂ ਨਹੀਂ ਉਭਰੀ। ਜ਼ਿੰਦਗੀ ਨੂੰ ਜਿਉਣ ਦੀ ਸਿੱਕ ਲੈ ਕੇ ਲੜਦੀਆਂ ਸ਼ਹੀਦ ਹੋ ਗਈਆਂ ਇਨ੍ਹਾਂ ਦੋ ਮਾਸੂਮ ਜਿੰਦਾਂ ਦਾ ਵਿਛੋੜਾ ਲੱਖਾਂ ਲੋਕਾਂ ਦੀ ਜ਼ਮੀਰ ਨੂੰ ਝੰਜੋੜਾ ਦੇ ਗਿਆ। ਹਾਂ, ਇਹ ਭੈਣ-ਭਰਾ ਜੋੜੀ ਸ਼ਹੀਦ ਹੋਈ ਹੈ। ਬਦਅਮਨੀ ਤੇ ਜੁਰਮਾਂ ਦੇ ਮਾਹੌਲ ਨੇ ਦੋ ਮਲੂਕ ਜਾਨਾਂ ਨੂੰ ਨਿਗਲ ਲਿਆ ਜਿਹਨਾਂ ਆਪਣੇ ਭਵਿੱਖ ਲਈ ਬੜੇ ਅਰਮਾਨ ਪਾਲੇ ਸਨ, ਸੱਧਰਾਂ ਉਣੀਆਂ ਸਨ। ਬਦਅਮਨੀ ਦਾ ਦੈਂਤ ਉਹਨਾਂ ਨੂੰ ਤੀਲਾ ਤੀਲਾ ਕਰ ਗਿਆ।

ਦੇਸ਼ ਦਾ ਪ੍ਰਧਾਨ ਮੰਤਰੀ ਲੋਕਾਂ ਦੇ ਉਠੇ ਹੋਏ ਰੋਹ ਦੀ "ਤਸੱਲੀ" ਲਈ ਭਾਵੇਂ "ਅਮਰੀਕਾ ਵਿਚ ਹਰ ਮਿੰਟ ਦੋ ਕਤਲ ਹੋਣ" ਦੀਆਂ ਤਿਫ਼ਲ ਤਸੱਲੀਆਂ ਦੇਈ ਜਾਵੇ, ਪਰ ਲੋਕਾਂ ਦੀ ਜਾਗੀ ਜ਼ਮੀਰ ਨੇ ਇਹਨਾਂ ਕਤਲਾਂ ਪਿਛੋਂ ਕੁਝ ਬੁਨਿਆਦੀ ਮਾਮਲੇ ਉਠਾ ਦਿਤੇ ਹਨ। ਸੁਆਲ ਤਾਂ ਬਹੁਤ ਹਨ, ਪਰ ਅਸੀਂ ਏਥੇ ਸਿਰਫ਼ ਦੋ ਦਾ ਹੀ ਜ਼ਿਕਰ ਕਰਾਂਗੇ।

ਪਹਿਲਾ ਸੁਆਲ ਹੈ, ਜੁਰਮਾਂ ਦੇ ਮਾਹੌਲ ਦਾ। ਇਹ ਵਾਤਾਵਰਣ ਸਿਰਫ ਦਿੱਲੀ ਵਿਚ ਨਹੀਂ, ਸਾਰੇ ਦੇਸ਼ ਵਿਚ ਹੈ। ਥਾਂ ਥਾਂ ਹੋ ਰਹੇ ਕਤਲ ਫਸਾਦ ਤੇ ਗੜਬੜਾਂ ਇਸੇ ਦਾ ਵੱਖ ਵੱਖ ਰੂਪ ਹਨ। ਜੇ ਬਿਹਾਰ ਵਿਚ ਹਰੀਜਨਾਂ ਦੀ ਜਾਨ ਜੁਰਮਾਂ ਨੇ ਸੂਤੀ ਹੋਈ ਹੈ ਤਾਂ ਮਰਾਠਵਾੜਾ ਵਿਚ ਡਾਕਟਰ ਅੰਬੇਦਕਰ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਸਾੜ ਫੂਕ ਕੀਤੀ ਜਾ ਰਹੀ ਹੈ। ਹੈਦਰਾਬਾਦ ਵੀ ਜਾਤੀ ਦੰਗਿਆਂ ਵਿਚ ਸੜ ਰਿਹਾ ਹੈ। ਇਹ ਗਿਣਤੀ ਬਹੁਤ ਵੱਡੀ ਹੈ। ਇਹਨਾਂ ਵਿਚੋਂ ਹਰੇਕ ਦੇ ਵੇਰਵੇ ਵਿਚ ਜਾਣ ਦੀ ਨਾ ਥਾਂ ਹੈ ਤੇ ਨਾ ਸਮਾਂ। ਸਾਡਾ ਆਪਣਾ ਪੰਜਾਬ ਕਿਹੜਾ ਇਸ ਪੱਖੋਂ ਪਾਕ-ਸਵੱਛ ਹੈ? ਜੇ ਮਸਲਹਿਤਾਂ ਨੂੰ ਧਿਆਨ ਵਿਚ ਰਖਦਿਆਂ ਅਕਾਲੀ-ਨਿਰੰਕਾਰੀ ਵਿਸਾਖੀ ਕਾਂਡ ਨੂੰ ਆਮ ਹਿੰਸਕ ਮਾਹੌਲ ਨਾਲੋਂ ਵੱਖ ਵੀ ਰਖ ਲਈਏ ਤਾਂ ਵੀ ਜੋ ਨਿੱਤ ਦਿਨ ਏਥੇ ਵਾਪਰ ਰਿਹਾ ਹੈ ਉਹ ਹੋਰ ਥਾਵਾਂ ਤੇ ਹੋ ਰਹੇ ਘਿਨਾਉਣੇ ਜੁਰਮਾਂ ਨਾਲੋਂ ਘੱਟ ਨਹੀਂ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹਰਖੋਵਾਲ ਦੀ ਵਿਧਵਾ ਪ੍ਰੀਤਮ ਕੌਰ ਦੇ ਹੌਲਨਾਕ ਕਤਲ ਤੋਂ ਬਾਅਦ ਕੁਝ ਦਿਨ ਪਹਿਲਾਂ ਦਿਨ ਦਿਹਾੜੇ ਜਲੰਧਰ ਦੇ ਇਕ ਆਸ਼ਰਮ ਦੀ ਲੜਕੀ ਨੂੰ ਉਧਾਲਣ ਦਾ ਯਤਨ ਕੀਤਾ ਗਿਆ। ਪੁਲਸ ਇਸ ਦੇ ਦੋਸ਼ੀਆਂ—ਜਿਹਨਾਂ ਬਾਰੇ ਉਸ ਨੂੰ ਪੂਰੀ ਤਰ੍ਹਾਂ ਦਸ ਦਿਤਾ ਗਿਆ ਸੀ, ਦੇ ਲਾਗੇ ਵੀ ਨਹੀਂ ਢੁੱਕ ਸਕੀ ਸੀ ਕਿ ਚਾਰ ਕੁ ਦਿਨਾਂ ਬਾਅਦ ਫੇਰ ਇਕ ਬਾ-ਰੌਣਕ ਮੁਹੱਲੇ ਵਿਚ ਇਕ ਬਦਮਾਸ਼ ਦਿਨ ਦਿਹਾੜੇ ਕੰਧ ਟੱਪ ਕੇ ਘਰ ਅੰਦਰ ਜਾ ਵੜਿਆ ਅਤੇ ਲੜਕੀ ਨਾਲ ਜ਼ਬਰਦਸਤੀ ਕਰ ਕੇ ਇੰਜ ਤੁਰ ਗਿਆ ਜਿਵੇਂ ਕਿਸੇ ਮੰਦਰ ਗੁਰਦੁਆਰੇ ਮੱਥਾ ਟੇਕ ਕੇ ਕੋਈ ਬੜਾ ਸ਼ਾਂਤ-ਚਿਤ ਮੁੜਦਾ ਹੈ। ਹਿੰਸਾ ਦੀ ਦਹਿਸ਼ਤ ਨੇ ਦੇਖਣ ਵਾਲਿਆਂ ਵਿਚੋਂ ਕਿਸੇ ਵਿਚ ਏਨੀ ਜੁਰਅਤ ਨਹੀਂ ਉਠਣ ਦਿਤੀ ਕਿ ਉਹ ਉਸ ਧੱਕੇਸ਼ਾਹ ਨੂੰ ਫੜਨ ਦੀ ਕੋਸ਼ਿਸ਼ ਕਰੇ। ਕਪੂਰਥਲੇ ਦੀ ਇਕ ਖਬਰ ਮੁਤਾਬਕ ਉਥੇ ਵੀ ਦਿਨ ਦਿਹਾੜੇ ਇਕ ਲੜਕੀ ਨੂੰ ਉਧਾਲ ਲਿਆ ਗਿਆ। ਉਧਾਲਣ ਵਾਲਿਆਂ ਵਿਚ ਇਕ ਸਿਪਾਹੀ ਵੀ ਹੈ।

ਗੱਲ ਉਲਟੀ ਹੋ ਗਈ ਹੈ! ਜੁਰਮ ਕਰਨ ਵਾਲੇ ਨਿਡਰ ਹੋ ਕੇ ਖਰੂਦ ਪਾਉਂਦੇ ਹਨ ਅਤੇ ਜੁਰਮਾਂ ਦਾ ਸ਼ਿਕਾਰ ਹੋਣ ਵਾਲੇ ਲੋਕ ਸਹਿਮੇ ਹੋਏ ਹਨ। ਔਰਤਾਂ ਨੂੰ ਆਪਣੀ ਇਜ਼ਤ ਦਾ ਫਿਕਰ ਹੈ। ਮਾਪਿਆਂ ਨੂੰ ਸਕੂਲ ਗਏ ਬੱਚੇ ਦੇ ਸੁੱਖ ਸਾਂਦ ਨਾਲ ਮੁੜ ਆਉਣ ਦੀ ਚਿੰਤਾ ਜਾਨ ਖਾ ਰਹੀ ਹੈ। ਮੁਜਰਮ ਕਾਰਾਂ ਵਿਚ ਘੁੰਮਦੇ ਬਜ਼ਾਰਾਂ ਵਿਚ ਧੂੜਾਂ ਪੁੱਟ ਰਹੇ ਹਨ।

ਸੁਆਲ ਹੈ : ਆਖਰ ਅਜੇਹਾ ਕਿਉਂ ?

ਜੁਆਬ ਬੜਾ ਸਪਸ਼ਟ ਹੈ : ਲੋਕਾਂ ਦੇ ਚੁਣੇ ਹੋਏ ਲੀਡਰ ਇਹਨਾਂ ਲੋਕਾਂ ਦੇ ਨਹੀਂ, ਜੁਰਮ ਕਰਨ ਵਾਲਿਆਂ ਗਰੋਹਾਂ ਦੇ ਸਰਪ੍ਰਸਤ ਹਨ। ਬਿਹਾਰ ਦੇ ਇਕ ਮੰਤਰੀ ਨੂੰ ਆਪਣੀ ਵਿਧਾਨ ਸਭਾ ਵਿਚ ਇਹ ਬ੍ਰਿਆਨ ਦੇਣ ਵਿਚ ਕੋਈ ਸੰਗ



Namdhari Elibrary NamdhariElibrary@gmail.com

ਸ਼ਰਮ ਨਹੀਂ ਆਈ ਕਿ ਗੁੰਡੇ ਪਾਲਣਾ ਉਨ ਦੀ "ਜ਼ਰੂਰਤ" ਹੈ। ਇਸ ਲਈ, ਉਹ ਗੁੰਡਿਆਂ ਦੀ ਟੋਲੀ ਬਾਕਾਇਦਾ ਆਪਣੀ ਅਰਦਲ ਵਿਚ ਰਖਦਾ ਹੈ । ਇਹ ਇਕ 'ਜਨਤਾ' ਵਜ਼ੀਰ ਦਾ ਐਲਾਨਨਾਮਾ ਹੈ।

ਦੂਰ ਕਿਉਂ ਜਾਈਏ, ਦਿੱਲੀ ਵਿਚ ਰੱਖਿਆ ਮੰਤਰੀ ਜਗਜੀਵਨ ਰਾਮ ਦੇ ਪੁੱਤਰ ਸੁਰੇਸ਼ ਬਾਰੇ ਛਿੜਿਆ ਵਾਦ-ਵਿਵਾਦ ਕਿਸ ਗੱਲ ਦਾ ਨਤੀਜਾ ਹੈ? ਇਸ ਮਾਮਲੇ ਦਾ ਇਖਲਾਕੀ ਪਹਿਲੂ, ਕੁਝ ਸਮੇਂ ਲਈ, ਇਕ ਪਾਸੇ ਰਖ ਕੇ ਸੋਚੀਏ ਕਿ ਸੁਰੇਸ਼ ਤੇ ਸੁਸ਼ਮਾ ਨੂੰ ਕਿਵੇਂ ਰਾਤ ਬਰ ਅਗਵਾ ਕੀਤਾ ਗਿਆ ਅਤੇ ਸੁਰੇਸ਼ ਦੀ ਸ਼ਿਕਾਇਤ ਅਨੁਸਾਰ ਜੋ ਕੁਝ ਉਹਨਾਂ ਨਾਲ ਕੀਤਾ ਗਿਆ, ਕੀ ਉਹ ਕਿਸੇ ਸਧਾਰਨ ਹਾਲਤ ਵਿਚ ਸੰਭਵ ਹੈ? ਜਾਂ ਕੀ ਇਹ ਬੜੇ ਤਜਰਬਾਕਾਰ ਤੇ ਆਦੀ ਮੁਜਰਮਾਂ ਦੀ ਦੇਖ ਰੇਖ ਬਿਨਾਂ ਸਿਰੇ ਚੜ੍ਹ ਸਕਦਾ ਸੀ? ਫੇਰ ਇਹ 'ਅਪਰੇਸ਼ਨ' ਕਰਨ ਵਾਲਿਆਂ ਦਾ ਸਾਬਕ ਗ੍ਰਿਹ ਮੰਤਰੀ ਦੇ ਕੱਟੜ ਹਮਾਇਤੀ ਹੋਣਾ ਅਤੇ ਉਹਨਾਂ ਵਿਚੋਂ ਦੋ ਮੋਹਰੀਆਂ ਦਾ ਸ੍ਰੀ ਰਾਜ ਨਰਾਇਣ ਦੀ ਕੋਠੀ ਵਿਚੋਂ ਨਿਕਲਦੇ ਫੜਿਆ ਜਾਣਾ ਕੀ ਸਾਫ਼ ਜ਼ਾਹਰ ਨਹੀਂ ਕਰਦਾ ਕਿ ਗੁੰਡੇ ਪਾਲਣ ਦੀ ਬੀਮਾਰੀ ਬਿਹਾਰ ਦੇ ਇਕ ਮੰਤਰੀ ਦੀ ਖੇਡ ਨਹੀਂ, ਇਹ ਦੇਸ਼ ਦੀ ਹਾਕਮ ਪਾਰਟੀ—ਜਿਸ ਦਾ ਨਾਂ ਬਦਕਿਸਮਤੀ ਨੂੰ ਜਨਤਾ ਨਾਲ ਜੁੜਿਆ ਹੋਇਆ ਹੈ—ਦੇ ਪੰਜ ਵੱਡੇ ਥੰਮ੍ਹਾਂ ਵਿਚੋਂ ਇਕ ਦਾ ਵੀ ਇਹ ਸੋਚਿਆ ਸਮਝਿਆ ਸ਼ੌਕ ਹੈ। ਸਿਆਸੀ ਸਦਾਚਾਰ, ਇਖਲਾਕ, ਸਵੱਛਤਾ ਤੇ ਹੋਰ ਪਤਾ ਨਹੀਂ ਕੀ ਕੁਝ ਦੀਆਂ ਗੱਲਾਂ ਕਰਨ ਵਾਲਿਆਂ ਦੇ ਅਸਲ ਕਿਰਦਾਰ ਬਾਰੇ ਕੀ ਕਿਹਾ ਜਾਏ, ਪਾਠਕ ਆਪ ਹੀ ਨਿਰਣਾ ਕਰ ਲੈਣ।

ਦੂਸਰਾ ਸੁਆਲ ਹੈ, ਇਸ ਸਾਰੇ ਕੁਝ ਵਿਚ ਪੁਲਸ ਦੇ ਰੋਲ ਦਾ। ਅਲਾਹਾਬਾਦ ਹਾਈ ਕੋਰਟ ਦੇ ਸਾਬਕਾ ਜੱਜ ਆਨੰਦ ਨਰਾਇਣ ਮੁੱਲਾ ਦੇ ਸ਼ਬਦਾਂ ਅਨੁਸਾਰ ਪੁਲਸ ਸਚ-ਮੁਚ ਹੀ "ਸਾਡੇ ਦੇਸ਼ ਵਿਚ ਮੁਜਰਮਾਂ ਦਾ ਇਕ ਜਥੇਬੰਦ ਗਰੋਹ" ਬਣ ਚੁਕੀ ਹੈ। ਬਹੁ-ਗਿਣਤੀ ਪੁਲਸੀਏ ਆਪ ਜੁਰਮਾਂ ਵਿਚ—ਸਿੱਧੇ ਜਾਂ ਅਸਿੱਧੇ—ਭਾਈਵਾਲ ਬਣਦੇ ਹਨ। ਗੀਤਾ ਤੇ ਸੰਜੇ ਦੇ ਕਤਲਾਂ ਦੇ ਮਾਮਲੇ ਵਿਚ ਪੂਰੀ ਚੁਸਤੀ ਵਿਖਾਉਣ ਦੇ ਬਾਵਜੂਦ ਪੁਲਸ ਜੁਰਮ, ਵਾਪਰਨ ਦੇ ਦਸ ਦਿਨਾਂ ਬਾਅਦ ਵੀ, ਹਨੇਰੇ ਵਿਚ ਹੀ ਹੱਥ ਮਾਰ ਰਹੀ ਹੈ।

ਪਰ ਸਾਰੇ ਦੇਸ਼ ਵਿਚ ਪੁਲਸ ਨੂੰ ਲਗ ਭਗ ਹਰ ਮਾਮਲੇ ਵਿਚ ਹੁੰਦੀ ਦੁਰ-ਲਾਅਨਤ ਦੇ ਬਾਵਜੂਦ ਅਸੀਂ ਪੁਲਸ ਦੀ ਇਸ ਬੇਵਸੀ ਨੂੰ ਨਜ਼ਰੰਦਾਜ਼ ਨਹੀਂ ਕਰ ਸਕਦੇ ਕਿ ਉਸ ਦੀ ਏਸ ਸਿੱਥਲਤਾ ਦਾ ਸਭ ਤੋਂ ਵੱਡਾ ਕਾਰਨ ਮੁਜਰਮਾਂ ਨੂੰ ਪ੍ਰਾਪਤ ਸਿਆਸੀ ਸਰਪ੍ਰਸਤੀ ਹੈ। ਇਸ ਸਰਪ੍ਰਸਤੀ ਅਗੇ ਚੂੰ ਵੀ ਸਾਹ ਲੈਣ ਵਾਲੇ ਪੁਲਸ ਅਫਸਰਾਂ ਤੇ ਕਰਮਚਾਰੀਆਂ ਦੀ ਦੁਰਦਸ਼ਾ ਦੀਆਂ ਵੀ ਅਨੇਕਾਂ ਮਿਸਾਲਾਂ ਹਨ।

ਤਾਂ ਫੇਰ, ਇਸ ਸਥਿਤੀ ਦਾ ਇਲਾਜ ਕੀ ਹੋਵੇ? ਕੀ ਇਹ ਲਾ-ਇਲਾਜ ਬੀਮਾਰੀ ਹੈ? ਇਹਨਾਂ ਸਤਰਾਂ ਦੇ ਲੇਖਕ ਦੀ ਨਿੱਜੀ ਰਾਏ ਅਨੁਸਾਰ ਬੀਮਾਰੀ ਲਾਇਲਾਜ ਹੋਣ ਵਾਲੇ ਦੌਰ ਵਿਚ ਹੀ ਜਾ ਰਹੀ ਹੈ। ਜੇ ਦੇਸ਼ ਦਾ ਪ੍ਰਧਾਨ ਮੰਤਰੀ (ਪ੍ਰਸੰਗ ਭਾਵੇਂ ਕੋਈ ਵੀ ਹੋਵੇ) ਇਸ ਗੰਭੀਰ ਮੌਕੇ ਵੀ ਅਮਰੀਕਾ ਵਿਚ ਹਰ ਮਿੰਟ ਹੁੰਦੇ ਦੋ ਕਤਲਾਂ ਦੀ "ਸ਼ਾਨਦਾਰ" ਰਵਾਇਤ ਦਾ ਜ਼ਿਕਰ ਕਰੇ ਤਾਂ ਉਸ ਦੀ ਸਰਕਾਰ ਤੋਂ ਬੀਮਾਰੀ ਦੇ ਇਲਾਜ ਲਈ ਗੰਭੀਰ ਯਤਨਾਂ ਦੀ ਆਸ ਨੂੰ ਫਲ ਲਗਣ ਦੀ ਸੰਭਾਵਨਾ ਸੱਖਣੀ ਸੱਖਣੀ ਹੀ ਲਗਦੀ ਹੈ।

ਠੋਸ ਸਿਆਸੀ ਸ਼ਬਦਾਵਲੀ ਵਿਚ ਗੱਲ ਕਰਦਿਆਂ ਸਾਡੇ ਦੇਸ਼ ਅੰਦਰ ਚਲ ਰਿਹਾ ਇਹ ਹਿੰਸਕ ਮਾਹੌਲ ਪੂੰਜੀਵਾਦੀ ਕਦਰਾਂ ਕੀਮਤਾਂ ਵਾਲੇ ਸਮਾਜ ਵਿਚ ਵਾਪਰਦੀਆਂ ਘਟਨਾਵਾਂ ਦਾ ਹੀ ਇਕ ਪ੍ਰਤੱਖ ਰੂਪ ਹੈ। ਖ਼ੁਦ ਇਹ ਸਮਾਜ ਹੀ ਇਸ ਮਾਹੌਲ ਨੂੰ ਪੈਦਾ ਕਰਦਾ ਹੈ। ਇਹ ਪੂੰਜੀਵਾਦੀ ਵਿਕਾਸ ਦਾ ਮੰਤਕੀ ਪ੍ਰਗਟਾਵਾ ਹੈ, ਜੋ ਹਰ ਪੂੰਜੀਵਾਦੀ ਦੇਸ਼ ਵਿਚ ਹੁੰਦਾ ਹੈ—ਕਿਸੇ ਸੋਸ਼ਲਿਸਟ ਦੇਸ਼ ਵਿਚ ਕਦੇ ਵੀ ਨਹੀਂ। ਅਫਰਾ ਤਫਰੀ, ਹਿੰਸਾ ਤੇ ਬਦਅਮਨੀ ਦੇ ਇਸ ਮਾਹੌਲ ਦੀ ਉਮਰ ਵੀ ਪੂੰਜੀਵਾਦੀ ਨਿਜ਼ਾਮ ਜਿੰਨੀ ਹੀ ਲੰਮੀ ਹੈ ਕਿਉਂਕਿ ਇਹ ਸਾਰਾ ਕੁਝ ਦੇਸ਼ ਦੀ ਸਿਆਸੀ ਲੀਡਰਸ਼ਿਪ ਦੇ ਵਰਤੋਂ ਵਿਹਾਰ ਦਾ ਅੰਗ ਬਣ ਚੁਕਾ ਹੈ। ●



Namdhari Elibrary NamdhariElibrary@gmail.com

...ਸਫਾ 5 ਦੀ ਬਾਕੀ—'ਸਿਮ੍ਰਤੀ

ਨਾਮਧਾਰੀ ਅਨੰਦ ਕਾਰਜਾਂ ਨੂੰ ਮੇਲਿਆਂ ਵਿਚ ਸਮੂਹਕ ਰੂਪ ਵਿਚ ਮੁੜ ਚਾਲੂ ਕਰਨ ਅਤੇ ਇਸ ਨੂੰ ਅਤਿ ਸਾਦਾ ਬਣਾ ਕੇ ਮੰਗਣੀ, ਮੁਕਲਾਵਾ ਅਤੇ ਦਾਜ ਦਹੇਜ ਦੀ ਪ੍ਰਥਾ ਨੂੰ ਬੰਦ ਕਰਨਾ ; ਦੇਸ਼ ਦੀ ਕ੍ਰਿਸਾਨੀ ਦੀ ਰੀੜ ਦੀ ਹੱਡੀ ਅਤੇ ਸੇਹਤ ਵਾਸਤੇ ਨਰੋਆ ਦੁਧ ਪੈਦਾ ਕਰਨ ਵਾਲੀ ਦੇਸੀ ਗਊ ਦੀ ਨਸਲ ਨੂੰ ਸੁਧਾਰ ਕੇ ਇਕ ਦਿਨ ਵਿਚ ਪੌਣੇ ਪੈਂਤੀ ਸੇਰ ਦੁਧ ਤੇ ਪੌਣੇ ਦੋ ਸੇਰ ਘਿਓ ਪ੍ਰਾਪਤ ਕਰਨ ਦੇ ਯੋਗ ਬਣਾਉਣਾ ਅਤੇ ਪਸ਼ੂ ਮੇਲੇ ਕਰਾਉਣੇ ; ਭੈਣੀ ਸਾਹਿਬ ਵਿਚ ਪੜ੍ਹਾਈ ਲਈ ਪੁਰਾਣੇ ਵਿਦਿਆ ਪੀਠਾਂ ਦੀ ਸ਼ਕਲ ਤੇ ਆਸ਼ਰਮ ਕਾਇਮ ਕਰਨਾ, ਗੁਰਮਤ ਅਤੇ ਸ਼ਾਸਤਰੀ ਸੰਗੀਤ ਦੇ ਪਰਚਾਰ ਵਾਸਤੇ ਅਤੇ ਸਿਖਲਾਈ ਵਾਸਤੇ ਫਖਰ ਯੋਗ ਉਦਮ ਕਰਨਾ ਅਤੇ ਇਨਾਮੀ ਮੁਕਾਬਲੇ ਆਯੋਜਿਤ ਕਰਣੇ ; ਸੰਸਾਰ ਸ਼ਾਂਤੀ ਦੀ ਜਥੇਬੰਦਕ ਲਹਿਰ ਵਿਚ ਭਰਪੂਰ ਹਿਸਾ ਪਾਉਣ ਲਈ ਕਾਨਫਰੰਸਾਂ ਤੇ ਆਪ ਜਾਣਾ ਅਤੇ ਆਪਣੇ ਨੁਮਾਇਦੇ ਭੇਜਣੇ ; ਪੰਜਾਬੀ ਭਾਸ਼ਾ ਅਤੇ ਪੰਜਾਬੀ ਸਭਿਆਚਾਰ ਪ੍ਰਤੀ ਆਪਣਾ ਨਿਸ਼ਕਾਮ ਸਹਿਯੋਗ ਦੇਣਾ ; ਧਾਰਮਕ ਖੇਤਰ ਵਿਚ ਲਖਾਂ ਪਾਠ ਅਖੰਡ ਪਾਠ ਕਰਨੀਆਂ, ਹਵਨ ਯਗ ਕਰਨੇ ਕਰਾਉਣੇ ਅਤੇ ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਦੇਸ਼ਾਂ ਵਿਦੇਸ਼ਾਂ ਦਾ ਰਟਨ ਕਰਨਾ ਅਤੇ ਹੋਰ ਅਜਿਹੀਆਂ ਗਲਾਂ ਹਨ ਜੋ ਆਪਣੇ ਆਪਣੇ ਥਾਂ ਬਹੁਤ ਮਹੱਤਵ ਰਖਦੀਆਂ ਹੋਈਆਂ ਉਹਨਾਂ ਨੂੰ ਅਨੰਤ ਕਲਾ ਸੰਪੂਰਨ ਸਿਧ ਕਰਦੀਆਂ ਹਨ ਪਰ ਉਹਨਾਂ ਦੀ ਸ਼ਖਸੀਅਤ ਦਾ ਇਕ ਹੋਰ ਪਹਿਲੂ ਵੀ ਹੈ ਜਿਹੜਾ ਕਿ ਅਸਲੋਂ ਹੀ ਨਵਾਂ ਅਤੇ ਵਿਲਖਣ ਹੈ ਅਤੇ ਜੋ ਪਿਛਲੇ ਸਾਰਿਆਂ ਗੁਰੂਆਂ ਚੋਂ ਕੇਵਲ ਸਤਿਗੁਰੂ ਪ੍ਰਤਾਪ ਸਿੰਘ ਦੇ ਹੀ ਹਿਸੇ ਆਇਆ। ਭਾਵੇਂ ਆਪ ਨੇ ਆਪਣੇ ਸਾਰੇ ਜੀਵਨ ਵਿਚ ਬੇ-ਹਿਸਾਬ ਰਕਮਾਂ ਦਾਨ ਕੀਤੀਆਂ ਹੋਣਗੀਆਂ ਪਰ ਆਪਣੇ ਸਿਖਾਂ ਪ੍ਰਤੀ ਇਕ ਬਾਪ ਵਾਲੀ ਪਹੁੰਚ ਦਰਸਾਉਂਦੀ ਹੇਠ ਲਿਖੀ ਛੋਟੀ ਵਾਰਤਾ ਉਹਨਾਂ ਦੇ ਨਵੇਂ ਪੱਖ ਨੂੰ ਸਾਹਮਣੇ ਲਿਆਉਂਦੀ ਹੈ।

—ਜੁਤੀਆਂ ਵੇਚਣ ਵਾਲੀ ਦੁਕਾਨ ਤੇ ਇਕ ਜੱਟ ਨਾਮਧਾਰੀਆ ਪੈਤਾਂ ਲਈ ਜੋੜਾ ਖਰੀਦਣ ਗਿਆ। ਫਤੂਹੀ ਵਿਚ ਪਏ ਤੋਲਵੇਂ ਨੋਟ ਜੁਤੀ ਦੀ ਪਸੰਦ ਵਿਚ ਰੁਕਾਵਟ ਪਾ ਰਹੇ ਸਨ। ਹਾਰ ਹੱਟ ਕੇ ਕਾਊਂਟਰ ਤੇ ਬੈਠੇ ਸਰਦਾਰ ਜੀ ਨੇ ਆਪ ਸਭ ਤੋਂ ਕੀਮਤੀ ਜੁਤੀ ਨੂੰ ਹੱਥਾਂ ਵਿਚ ਫੜਿਆ ਤੇ 'ਅਥਰੇ' ਗਾਹਕ ਨੂੰ ਪਹਿਨਾਉਣ ਲਗਾ। ਜਿਉਂ ਹੀ ਉਹਦੇ ਹੱਥ ਜੱਟ ਦੇ ਪੈਰਾਂ ਨੂੰ ਲਗੇ ਗਾਹਕ ਤੇ ਦੁਕਾਨਦਾਰ ਦੀਆਂ ਅੱਖਾਂ ਵੀ ਚਾਰ ਹੋਈਆਂ। ਗਾਹਕ ਦੇ ਮੂਹੋਂ ਸੁਤੇ ਸਿਧ ਨਿਕਲਿਆ "ਧੰਨ ਗੁਰੂ ਪ੍ਰਤਾਪ ਸਿੰਘ" ਅੱਖਾਂ ਹੀ ਅੱਖਾਂ ਵਿਚ ਰਾਜ਼ ਦੀਆਂ ਕੁਝ ਗੱਲਾਂ ਸਾਂਝੀਆਂ ਹੋਈਆਂ।

ਹੈਰਾਨੀ ਭਰੀ ਪੁਛ ਦੇ ਉਤਰ ਵਿਚ ਕਿਸਾਨ ਨੇ ਦਸਨਾ ਸ਼ੁਰੂ ਕੀਤਾ।

"ਪਾਕਿਸਤਾਨ ਬਨਣ ਤੋਂ ਪਹਿਲਾਂ ਤੁਸੀਂ ਜਾਗੀਰਦਾਰ ਸੋ ਅਸੀਂ ਤੁਹਾਡੇ ਮੁਜ਼ਾਰੇ। ਵੋਟਾਂ ਵੇਲੇ ਤੁਹਾਨੂੰ ਯਾਦ ਹੈ ਕਿ ਅਸੀਂ ਤੁਹਾਡੇ ਕਹੇ ਨਹੀਂ ਸੀ ਲਗੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਛਾ ਅਨੁਸਾਰ ਦੇਸ਼ ਭਗਤਾਂ ਨੂੰ ਵੋਟ ਦਿਤੇ ਸੀ। ਤੁਸਾਂ ਸਾਨੂੰ ਇਹ ਕਹਿ ਕੇ ਬੇਦਖਲ ਕਰ ਦਿਤਾ ਕਿ ਜਿਹੜੇ ਗੁਰੂ ਦੇ ਆਖੇ ਵੋਟਾਂ ਦਿਤਿਆਂ ਜੇ ਜ਼ਮੀਨ ਵੀ ਉਸ ਕੋਲੋਂ ਲਵੋ। ਸਾਡੀ ਮੰਦਹਾਲੀ ਦਾ ਸਤਿਗੁਰ ਨੂੰ ਪਤਾ ਲਗਾ। ਉਹਨਾਂ ਸਾਨੂੰ ਮੁਫ਼ਤ ਜ਼ਮੀਨਾਂ ਦੇ ਕੇ ਰਾਜੇ ਬਣਾ ਦਿਤਾ ਹੈ। ਮੇਰੇ ਵਰਗੇ ਅਨੇਕਾਂ ਖੁਸ਼ ਕਿਸਮਤ ਹਨ। ਤੁਸਾਂ ਮੇਰੇ ਪੈਰਾਂ ਨੂੰ ਹੱਥ ਲਾਇਆ ਮੈਨੂੰ ਸਤਿਗੁਰੂ ਯਾਦ ਆ ਗਏ ਹਨ।"

ਤੇ ਦੁਕਾਨਦਾਰ ਗਾਹਕ ਦੀਆਂ ਸ਼ੁਕਰਾਨੇ ਵਿਚ ਸਿਮੀਆਂ ਅੱਖਾਂ ਵੱਲ ਹੈਰਾਨ ਹੋਇਆ ਤਕਦਾ ਅੱਖਾਂ ਨਹੀਂ ਸੀ ਝਮਕ ਰਿਹਾ। ●

—ਜਗਦੀਸ਼ ਸਿੰਘ

## ਵਰਿਆਮ ਨੂੰ ਸਹਿਯੋਗ

ਦਿੱਲੀ ਵਿਖੇ ਪਿਛਲੇ ਦਿਨੀਂ ਸ੍ਰੀਮਾਨ ਪੰਡਤ ਗੋਪਾਲ ਸਿੰਘ ਜੀ ਦੇ ਪ੍ਰਭਾਵਸ਼ਾਲੀ ਦੀਵਾਨਾਂ ਸਮੇਂ ਵਰਿਆਮ ਨੂੰ ਸਹਿਯੋਗ ਰੂਪ ਵਿਚ 99/— ਰੁਪੇ ਵੱਖ ਵੱਖ ਸਜਨਾਂ ਵਲੋਂ ਧੰਨਵਾਦ ਸਹਿਤ ਪ੍ਰਾਪਤ ਹੋਏ ਹਨ। ਲਿਸਟ ਪੁਜਣ ਤੇ ਪ੍ਰਕਾਸ਼ਤ ਕਰ ਦਿਤੀ ਜਾਵੇਗੀ।

ਵਰਿਆਮ ਨੂੰ ਸਹਾਇਤਾ ਦੇਣ ਵਾਲੇ ਸਜਨ ਨਵੇਂ ਐਡਰੇਸ ਜ਼ਰੂਰ ਦਿਆ ਕਰਨ ਤਾਂ ਜੋ ਵਰਿਆਮ ਭੇਜਿਆ ਜਾ ਸਕੇ।

—ਮੈਨੇਜਰ



Namdhari Elibrary NamdhariElibrary@gmail.com

# ਬਾਬਾ ਪ੍ਰਤਾਪ ਸਿੰਘ ਜੀ ਦੀਆਂ ਕੁਝ ਯਾਦਾਂ

—ਸ: ਕਪੂਰ ਸਿੰਘ ਆਈ. ਸੀ. ਐਸ.

---

ਸ. ਕਪੂਰ ਸਿੰਘ ਆਈ. ਸੀ ਐਸ ਸਿਖਾਂ ਦੇ ਪ੍ਰਸਿਧ ਵਿਦਵਾਨ ਅਤੇ ਵਿਚਾਰਕ ਹਨ । ਸਿਆਸਤ ਵਿਚ ਮਾਸਟਰ ਤਾਰਾ ਸਿੰਘ ਜੀ ਦੀ ਸੋਚਨੀ ਦੇ ਨੇੜੇ ਰਹੇ ਹਨ । ਆਪਣੀ ਵਿਦਵਤਾ ਅਤੇ ਵਿਸ਼ੇਸ਼ ਵਿਚਾਰਧਾਰਾ ਕਾਰਨ ਅਕਾਲੀ ਦਲ ਅਤੇ ਸਿਖਾਂ ਦੇ ਅਨੇਕਾ ਰਾਜਸੀ ਮਤਿਆਂ ਅਤੇ ਲਿਖਤਾਂ ਦੇ ਕਰਤਾ ਹਨ ਜਿਨ੍ਹਾਂ ਵਿਚ ਅਨੰਦ ਪੁਰ ਸਾਹਿਬ ਦਾ "ਸਿਖਾਂ ਦਾ ਬੋਲ ਬਾਲਾ" ਵਾਲਾ ਮਸ਼ਹੂਰ ਮਤਾ ਵੀ ਹੈ । ਬਹੁ ਵਿਸਤਾਰ, 'ਸਪਤ ਸ੍ਰਿੰਗ' 'ਪੁੰਡਰੀਕ' ਤੇ 'ਦੀ ਵੈਸਾਖੀ' ਆਦਿਕ ਪੁਸਤਕਾਂ ਦੇ ਲੇਖਕ ਹਨ । ਪਾਰਲੀਮੈਂਟ ਦੇ ਮੈਂਬਰ ਵੀ ਰਹਿ ਚੁਕੇ ਹਨ । ਵਿਚਾਰ ਉਹਨਾਂ ਦੇ ਆਪਣੇ ਹਨ ਪਰ ਉਹਨਾਂ ਦਾ ਲੇਖ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਖਸੀਅਤ ਉਘਾੜਦਾ ਹੈ ਉਥੇ ਉਹਨਾਂ ਦੁਆਰਾ ਕਾਇਮ ਕੀਤੀ ਸੰਪ੍ਰਦਾਇਕ ਏਕਤਾ ਤੇ ਪਿਆਰ ਦੀ ਝਾਕੀ ਵੀ ਦਰਸਾਉਂਦਾ ਹੈ ਜੋ ਅੱਜ ਕਲ ਹੋਰ ਵੀ ਲੋੜੀਂਦੀ ਹੈ । ਇਹ ਲੇਖ ਸ੍ਰੀ ਅਮਰ ਭਾਰਤੀ ਜੀ ਦੇ ਧੰਨਵਾਦ ਸਹਿਤ ਰੋਜ਼ਾਨਾ ਨਵਾਂ ਹਿੰਦੁਸਤਾਨ ਚੋਂ ਲਿਆ ਗਿਆ ਹੈ ।

—ਸੰਪਾਦਕ

---

ਸੰਨ ੧੯੩੩ ਵਿਚ ਯਾ ਇਸ ਦੇ ਨੇੜੇ ਤੇੜੇ, ਸਰਵ ਨਾਨਕ ਸੰਪ੍ਰਦਾਈ ਸੰਮੇਲਨ, ਭੈਣੀ ਸਾਹਿਬ ਹੋਇਆ ਸੀ, ਤਾਂ ਸਵਰਗਾਯ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ. ਪਹਿਲੋਂ ਪਹਿਲ ਮੇਰਾ ਪ੍ਰੀਚੈ ਬਾਬਾ ਪ੍ਰਤਾਪ ਸਿੰਘ ਜੀ ਨਾਲ ਕਰਵਾਇਆ ਸੀ । ਨਿਮ੍ਰਤਾ ਤੇ ਵਿਸ਼ਾਲ ਹਿਰਦੇ ਵਾਲੇ ਉਸ ਗੁਰਮੁਖ ਦਾ ਡੂੰਘਾ ਪ੍ਰਭਾਵ ਮੇਰੇ ਉੱਤੇ ਉਸੇ ਵੇਲੇ ਹੀ ਪਿਆ ਸੀ, ਜਦੋਂ ਕਿ ਮੈਂ ਅਜੇ ਨੌਜਵਾਨ ਸਾਂ, ਕੱਟੜ ਸਿੰਘ ਸਭਾ ਦੀ ਵਿਚਾਰਧਾਰਾ ਦਾ ਧਾਰਨੀ ਅਤੇ ਨਵਾਂ ਨਵਾਂ ਵਲੈਤੋਂ ਮੁੜਿਆ ਸਾਂ ਤੇ ਅਜੇ ਵਿਚਾਰਾਂ ਦੇ ਵਿਤਕਰੇ ਨੂੰ ਸਹਿਨ ਕਰਨ ਦਾ ਗੁਣ ਨਹੀਂ ਸਿੱਖੀਆ ਸਾਂ । ਉਸ ਸਮੇਂ ਬਾਬਾ ਪ੍ਰਤਾਪ ਸਿੰਘ ਜੀ, ਅਪਣੇ ਪੈਰੋਕਾਰ ਨਾਮਧਾਰੀਆਂ ਖਾਸ ਕਰਕੇ ਸ੍ਰੀ ਨਿਧਾਨ ਸਿੰਘ ਆਲਮ ਦੀ ਭਰਪੂਰ ਮੁਖਾਲਫ਼ਤ ਦੇ ਸਾਹਵੇਂ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਨ ਲਗੇ ਕਿ ਨਾਨਕ ਪੰਥੀਆਂ ਦੇ ਇਸ ਸੰਮੇਲਨ ਵਿਚ ਅਰਦਾਸਾ ਦਸਾਂ ਪਾਤਸ਼ਾਹੀਆਂ ਦੇ ਨਾਮ ਉੱਤੇ ਹੀ ਹੋਵੇਗਾ ਇਹ ਉਨ੍ਹਾਂ ਦੀ ਦੂਰਦਰਸ਼ਤਾ, ਦੀਰਘ ਦ੍ਰਿਸ਼ਟੀ, ਸਿੱਖੀ ਦੇ ਹਿਤਾਂ ਦਾ ਅਸੀਮ ਪਿਆਰ, ਅਤੇ ਮਿਲਵਰਤਨੀ ਗੁਣਾਂ ਦਾ ਉਤਮ ਪ੍ਰਗਟਾਵਾ ਸੀ, ਜਿਸ ਕਾਰਣ ਉਨ੍ਹਾਂ ਦੇ ਵਿਅਕਤਤਵ ਦਾ ਸਤਿਕਾਰ, ਮੇਰੇ ਹਿਰਦੇ ਵਿਚ ਦਿਨੋਂ ਦਿਨ ਵਧਦਾ ਗਿਆ, ਅਤੇ ਪਿਛੋਂ ਜਾਕੇ, ਜਦੋਂ ਮੈਨੂੰ ਉਨ੍ਹਾਂ ਨਾਲ ਵਧੇਰੇ ਨਿਜੀ ਮੇਲ ਮਿਲਾਪ ਦੇ ਮੁਤਵਾਤਰ ਅਵਸਰ ਮਿਲਦੇ ਰਹੇ, ਤਾਂ ਉਨ੍ਹਾਂ ਦੀ ਕੁਦਰਤੀ ਨਿਮਰਤਾ, ਜੋ ਕਿ ਮਹਾਨ ਆਤਮਾ ਦਾ ਸੱਚਾ ਚਿੰਨ੍ਹ ਹੈ, ਮੈਨੂੰ ਸਾਮ੍ਹਣੇ ਪ੍ਰਤਖ ਹੁੰਦੀ ਗਈ ।

੨

ਉਸ ਤੋਂ ਪਿਛੋਂ, ਮੈਂ ਕਈ ਸਾਲ ਲਾਹੌਰ, ਅਸਿਸਟੈਂਟ ਕਮਿਸ਼ਨਰ ਲਗਾ ਰਿਹਾ ਤਾਂ ਅਨੇਕ ਵਾਰ, ਬਾਬਾ ਜੀ ਨੇ ਅਪਣੇ ਕ੍ਰਿਪਾਲੂ ਸੁਭਾਵ ਅਨੁਸਾਰ ਮੈਨੂੰ ਉਚੇਚੇ ਦਰਸ਼ਨ ਦਿੱਤੇ । ਉਨ੍ਹਾਂ ਦਿਨਾਂ ਦੀ ਇਕ ਘਟਨਾ ਮੇਰੀਆਂ ਅਭੁੱਲ ਯਾਦਾਂ ਵਿਚੋਂ ਹੈ । ਬਸੰਤ ਦਾ ਨਾਮਧਾਰੀ ਪਵਿਤ੍ਰ ਪੁਰਬ ਸੀ ਅਤੇ ਲਾਹੌਰ ਦੇ ਟਾਊਨਹਾਲ ਦੇ ਸਾਹਮਣੇ ਭੰਗੀਆਂ ਵਾਲੀ ਤੋਪ ਦੇ ਨੇੜੇ, ਲਾਹੌਰ ਦੀਆਂ ਨਾਮਧਾਰੀ ਸੰਗਤਾਂ ਵਲੋਂ ਇਕ ਪ੍ਰੀਤ ਮਿਲਣੀ ਦਾ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਕੀਤਾ ਗਿਆ ਸੀ, ਜਿਸ ਵਿਚ ਮੈਨੂੰ ਭੀ ਨਿਮੰਤ੍ਰਣ ਦੇ ਕੇ, ਉਚੇਚਾ ਬੁਲਾਇਆ ਹੋਇਆ ਸੀ । ਬਸੰਤੀ ਸ਼ਾਮਿਆਨੇ ਦੇ ਦੁਆਲੇ ਦੁਆਲੇ ਬਸੰਤੀ ਕਨਾਤਾਂ ਅਤੇ ਵਿਚ ਬਸੰਤੀ ਰੰਗ ਦੀਆਂ ਝੰਡੀਆਂ ਤੇ ਬਸੰਤੀ ਫੁਲਾਂ ਦੇ ਹਾਰ ਟੰਗੇ ਹੋਏ । ਮੇਜ਼ਾਂ ਕੁਰਸੀਆਂ ਲਗੀਆਂ ਹੋਈਆਂ ਅਤੇ ਮੇਜ਼ਾਂ ਉਤੇ ਬਸੰਤੀ ਮੇਜ਼ ਪੋਸ਼ ਅਤੇ ਵਿਚਕਾਰ ਬਾਬਾ ਪ੍ਰਤਾਪ ਸਿੰਘ ਜੀ, ੨੦—੨੫ ਸਿੱਧੀਆਂ ਪੱਗਾਂ ਵਾਲੇ ਅਤੇ ਬਸੰਤੀ ਚੋਲਿਆਂ ਵਾਲੇ ਨਾਮਧਾਰੀ ਸਿੰਘਾਂ ਸਮੇਤ ਸੁਸ਼ੋਭਤ, ਬੜਾ ਪ੍ਰਭਾਵਸ਼ਾਲੀ ਦ੍ਰਿਸ਼ ਬਣਿਆ ਹੋਈਆ ਸੀ । ਕੇਸਰੀ ਰੰਗ ਦੀਆਂ ਮਠਿਆਈਆਂ ਅਤੇ ਸੰਗਤਰੇ ਰੰਗਾ ਲੈਮੋਨੇਡ ਤੇ ਸ਼ਰਬਤ ਪ੍ਰਾਹੁਣਿਆਂ ਨੂੰ ਵਰਤਾਇਆ ਗਿਆ ਤੇ ਪਿਛੋਂ ਤਕਰੀਰਾਂ ਅਰੰਭ ਹੋਈਆਂ, ਬਾਬਾ ਰਾਮ ਸਿੰਘ ਜੀ ਦੇ ਜੀਵਨ ਚ੍ਰਿਤ੍ਰ ਉਤੇ । ਨਾਮ ਤਾਂ ਯਾਦ ਨਹੀਂ ਪਰ ਕੋਈ ਨੌਜਵਾਨ ਜਿਹਾ, ਜੋਸ਼ੀਲਾ ਬੁਕਾ ਸੀ ਜੋ ਉਠ ਕੇ ਤਕਰੀਰ ਕਰਨ ਲਗਾ ਤਾਂ ਬਾਬਾ ਰਾਮ ਸਿੰਘ ਬਾਰੇ ਸਾਖੀ ਤੇ ਸਾਖੀ ਸੁਣਾਈ ਜਾਵੇ । ਇਹ ਉਹ ਸਮਾਂ ਸੀ ਜਦੋਂ ਸਮੁਚੇ



Namdhari Elibrary NamdhariElibrary@gmail.com

ਸਿੱਖ, ਕੀ ਨਾਮਧਾਰੀ ਤੇ ਕੀ ਅਕਾਲੀ, ਇਹ ਸਿੱਧ ਕਰਨ ਉਤੇ ਤਤਪਰ ਸਨ ਕਿ ਸਿੱਖ ਮੱਤ ਤੇ ਸਿੱਖ ਗੁਰੂ ਗਾਂਧੀਵਾਦ ਦਾ ਨਿਰੋਧ ਨਹੀਂ ਸਗੋਂ ਸਮਰਥਨ ਕਰਦੇ ਹਨ। ਇਹ ਕਚੀ ਸਾਖੀ, ਕਿ ਸ਼ਹੀਦੀ ਲੈਣ ਲਈ ਤੁਰਨ ਤੋਂ ਪਹਿਲਾਂ, ਸਾਹਿਬਜ਼ਾਦੇ ਹਰਿ ਗੋਬਿੰਦ ਨੂੰ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨ ਦਾ ਹੁਕਮ ਦੇਣ ਵਾਲੇ, 'ਗੁਰੂ ਅਰਜਨ ਪ੍ਰਤੱਖ ਹਰਿ,' ਦੁਸ਼ਟ-ਦਮਨ ਪ੍ਰਥਾ ਦੇ ਬਾਨੀ ਨਹੀਂ ਸਨ, ਸਗੋਂ ਸ਼ਾਂਤਮਈ ਦੇ ਪ੍ਰਥਮ ਅਵਤਾਰ ਸਨ, ਉਨ੍ਹਾਂ ਦਿਨਾਂ ਵਿਚ ਹੀ, ਅਕਾਲੀ ਪ੍ਰਚਾਰਕਾਂ ਤੇ ਲੀਡਰਾਂ ਨੇ ਗਾਂਧੀ ਜੀ ਦੇ ਤੇਜ ਤੋਂ ਪ੍ਰਭਾਵਤ ਹੋਕੇ ਘੜੀ ਤੇ ਪਰਚਾਰੀ ਸੀ।

'ਤਤੀ ਲੋਹ ਉਤੇ ਬੈਠੇ ਗੁਰੂ ਅਰਜਨ, ਸ਼ਾਂਤਮਈ ਦਾ ਪ੍ਰਥਮ ਅਵਤਾਰ ਭਾਈ'

ਉਪਰੋਕਤ ਕੂਕੇ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਜਦੋਂ ਬਾਬਾ ਰਾਮ ਸਿੰਘ ਜੀ, ਅਨੰਦਪੁਰ ਸਾਹਿਬ ਹੋਲੇ ਮਹੱਲੇ ਦੇ ਦਰਸ਼ਨਾਂ ਲਈ ਗਏ ਤਾਂ ਰਸਤੇ ਵਿਚ ਅਮਕੇ ਡੇਰੇ ਉਤੇ ਕੋਈ ਸਿੰਘ ਭਰੇ ਦੀਵਾਨ ਵਿਚ ਦਸਮ ਪਾਤਸ਼ਾਹ ਦੇ ਕਰ ਕਮਲਾਂ ਦੀ ਇਕ ਕ੍ਰਿਪਾਨ ਬਾਬਾ ਰਾਮ ਸ਼ਿੰਘ ਜੀ ਨੂੰ ਭੇਟ ਕਰਨ ਲਈ ਲਿਆਇਆ ਤਾਂ ਬਾਬਾ ਜੀ ਨੇ ਉਹ ਪਵਿਤ੍ਰ ਕ੍ਰਿਪਾਨ ਪਹਿਲਾਂ ਤਾਂ ਆਪਣੇ ਮਸਤਕ ਨਾਲ ਛੁਹਾਈ ਤੇ ਫੇਰ ਸੰਗਤਾਂ ਦੇ ਜੋੜਿਆਂ ਵਿਚ ਵਗਾਹ ਮਾਰੀ ਕਿ ਹੁਣ ਤਲਵਾਰ ਦਾ ਯੁਗ ਸਮਾਪਤ ਹੋ ਚੁਕਾ ਹੈ ਅਤੇ ਸ਼ਾਂਤ੍ਰਮਈ ਦਾ ਯੁਗ ਆ ਗਿਆ ਹੈ, ਇਸ ਲਈ ਕ੍ਰਿਪਾਨ ਸਿਖੀ ਵਿਚੋਂ ਖਾਰਜ ਸਮਝੀ ਜਾਵੇ। ਮੈਂ ਇਹ ਊਲ ਜਲੂਲ ਅਵੱਗਿਆ ਭਰਪੂਰ ਗੱਲਾਂ ਸਹਿਣ ਨਾ ਕਰ ਸਕਿਆ ਅਤੇ ਆਪਣੇ ਦੋ ਹਿੰਦੂ ਸਾਥੀਆਂ ਸਮੇਤ ਸ਼ਾਮਿਆਨੇ ਚੋਂ ਬਹਾਰ ਨਿਕਲ ਆਇਆ। ਬਾਬਾ ਪ੍ਰਤਾਪ ਸਿੰਘ ਜੀ ਸਭ ਵਿਥਿਆ ਤਾੜ ਗਏ ਤੇ ਝਟ ਮੇਰੇ ਪਿਛੇ ਸੰਤ ਮੰਗਲ ਸਿੰਘ ਕੂਕੇ ਪ੍ਰਚਾਰਕ ਨੂੰ ਭੇਜਿਆ ਕਿ ਮੋੜ ਲਿਆਓ। ਜਦੋਂ ਕਰੋਧ ਵਸ ਹੋ ਕੇ ਵਾਪਸ ਮੁੜਨੋਂ ਨਾਂਹ ਕੀਤੀ ਤਾਂ ਸੰਤ ਮੰਗਲ ਸਿੰਘ ਜੀ ਕਹਿਣ ਲਗੇ, ਤੁਸੀਂ ਕੀ ਸਮਝਦੇ ਹੋ ਕਿ ਜਿਨ੍ਹਾਂ ਨੇ ਮੈਨੂੰ ਤੁਹਾਨੂੰ ਮੋੜਨ ਭੇਜਿਆ ਹੈ, ਅਤੇ ਜਿਨ੍ਹਾਂ ਦਾ ਪੁਰਬ ਅਜ ਬਸੰਤ ਨੂੰ ਮਨਾਇਆਂ ਜਾ ਰਿਹਾ ਹੈ, ਉਨ੍ਹਾਂ ਨੂੰ ਇਸ ਗ਼ੈਰ ਜ਼ਿਮੇਵਾਰ ਬੁਲਾਰੇ ਦੀਆਂ ਵਾਹਿਯਾਤ ਗਲਾਂ ਦਾ ਕੋਈ ਦੁਖ ਨਹੀਂ ਹੋਵੇਗਾ, ਜੋ ਸਤਿਗੁਰੂ ਰਾਮ ਸਿੰਘ ਤੇ ਇਹ ਤੁਹਮਤ ਲਾ ਰਿਹਾ ਹੈ ਕਿ ਉਹਨਾਂ ਨੇ ਹਲਤ ਪਲਤ ਦੇ ਰਾਖੇ, ਦਸਮ ਪਾਤਸ਼ਾਹ ਦੇ ਕਰ ਕਮਲਾਂ ਦੀ ਕਿਰਪਾਨ ਸੰਗਤਾਂ ਦੇ ਜੋੜਿਆਂ ਵਿਚ ਵਗਾਹ ਮਾਰੀ।' ਪਰ ਹੁਣ ਐਥੇ ਇਸ ਵੇਲੇ ਕੀ ਰੌਲਾ ਪਾਈਏ ?' ਮੈਂ ਵਾਪਸ ਪਰਤ ਕੇ ਸ਼ਾਮਿਆਨੇ ਵਿਚ ਨ ਗਿਆ ਤਾਂ ਕੁਝ ਦਿਨਾਂ ਉਪਰੰਤ ਮੈਂ ਲਾਹੌਰ ਦੀਆਂ ਜ਼ਿਲਾ ਕਚਹਿਰੀਆਂ ਦੀ ਉਪਰਲੀ ਛੱਤ ਦੇ ਇਕ ਕਮਰੇ ਵਿਚ ਅਦਾਲਤ ਲਾਈ ਬੈਠਾ ਸੀ ਕਿ ਸੁਨੇਹਾ ਪੁਜਾ ਕਿ ਬਾਬਾ ਪਰਤਾਪ ਸਿੰਘ ਜੀ ਕਚਿਹਰੀਆਂ ਤੋਂ ਬਾਹਰ ਹਨ ਤੇ ਮੈਨੂੰ ਮਿਲਨਾ ਲੋਚਦੇ ਹਨ। ਮੈਂ ਬਾਹਰ ਸੜਕ ਉਤੇ ਆਇਆ ਤਾਂ ਮੋਟਰ ਵਿਚ ਬੈਠੇ ਸਨ ਅਤੇ ਪੰਜ ਸਿੰਘ ਸਣੇ ਡਰਾਈਵਰ ਹੋਰ ਸਨ। ਕਹਿਣ ਲਗੇ ਤੁਸੀਂ ਉਸ ਦਿਨ ਬਸੰਤ ਦੇ ਦੀਵਾਨ ਵਿਚੋਂ ਗੁਸੇ ਹੋ ਕੇ ਉਠ ਆਏ ਤਾਂ ਸਾਨੂੰ ਖੇਦ ਪੁਜਾ। ਉਸ ਬੁਲਾਰੇ ਨੂੰ ਅਸਾਂ ਬੜੀ ਕਰੜੀ ਤੰਬੀਹ ਕੀਤੀ ਹੈ, ਫਿਰ ਜਿਵੇਂ ਮਨੋਵਚਨੀ ਕਰ ਰਹੇ ਹੋਣ, ਕਿਹੋ ਨੇ, 'ਸਿਖੀ ਵਿਚੋਂ ਦਸਮ ਪਾਤਸ਼ਾਹ ਦੀ ਦਾਤ, ਕ੍ਰਿਪਾਨ ਨੂੰ ਖਾਰਜ ਕਰਨ ਵਾਲਾ ਨਾ ਕੋਈ ਜੰਮਿਆਂ ਹੈ ਅਤੇ ਨਾ ਕੋਈ ਜੰਮੇਗਾ।' ਜਦੋਂ ਸੰਨ ੧੯੪੭ ਦਾ ਬਿਖੜਾ ਸਮਾਂ, ਪੰਜਾਬ ਅਤੇ ਸਿਖਾਂ ਸਿਰ ਆਇਆ ਤਾਂ ਅਪਰੈਲ ਦੇ ਮਹੀਨੇ, ਜਦੋਂ ਮੈਂ ਲਾਹੌਰ ਦੇ ਸੈਕਰੇਟੇਰੀਅਟ ਵਿਚ ਡਿਪਟੀ ਸੈਕਰੇਟਰੀ ਲਗਾ ਹੋਇਆ ਸੀ, ਤਾਂ ਮੈਨੂੰ ਅਚਾਨਕ ਬਾਬਾ ਪਰਤਾਪ ਸਿੰਘ ਜੀ ਦੇ ਦਰਸ਼ਨ, ਕਮੇਟੀ ਬਾਗ ਵਿਚ ਹੋ ਗਏ। ਮੈਂ ਦੇਖ ਕੇ ਮੋਟਰ ਖਲ੍ਹਾਰ ਲਈ, ਤਾਂ ਮਿਲਣ ਉਤੇ ਪਹਿਲੀ ਗੱਲ ਹੀ ਇਹ ਆਖੀ ਕਿ ਅਸਾਂ ਸਭ ਨਾਮਧਾਰੀਆਂ ਨੂੰ ਹੁਕਮ ਕਰ ਦਿਤਾ ਹੈ ਕਿ ਕ੍ਰਿਪਾਨ ਦੇ ਅਖੰਡ ਧਾਰਨੀ ਬਨਣ, ਇਹੋ ਸਾਹਿਬ ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ।' ਉਸ ਸਮੇਂ ਨਿਧਾਨ ਸਿੰਘ ਆਲਮ ਭੀ ਉਨ੍ਹਾਂ ਦੇ ਹਮ ਰਕਾਬ ਸਨ ਤੇ ਮੈਨੂੰ ਸੰਬੋਧਨ ਕਰਕੇ ਕਹਿਣ ਲਗੇ, "ਸਤਿਗੁਰੂ ਰਾਮ ਸਿੰਘ ਜੀ ਜਦੋਂ ਕਦੀ ਭੀ ਕੋਈ ਬਚਨ ਸਿੰਘਾਂ ਪ੍ਰਤੀ ਕਰਦੇ ਸਨ ਤਾਂ ਇਉਂ ਕਿਹਾ ਕਰਦੇ ਸਨ, ਇਹ ਮੈਂ ਆਪਣੇ ਵਲੋਂ ਨਹੀਂ ਕਹਿੰਦਾ ਦਸਮ ਪਾਤਸ਼ਾਹ ਦਾ ਹੁਕਮ ਹੈ।"

ਤ

੨੪ ਜੂਨ ਸੰਨ ੧੯੪੭ ਦਾ ਦਿਨ ਸੀ ਅਤੇ ਮੈਂ ਦੁਪਹਿਰਾਂ ਦੇ ਵੇਲੇ ਫਲੇਟੀ ਹੋਟਲ ਵਿਚ, ਆਪਣੇ ਕਮਰੇ ਵਿਚ ਬੈਠਾ, ਜੋ ਘਲੂਘਾਰਾ ਉਨ੍ਹਾਂ ਦਿਨਾਂ ਵਿਚ ਸਾਰੇ ਪੰਜਾਬ ਵਿਚ



Namdhari Elibrary NamdhariElibrary@gmail.com

ਅਤੇ ਲਾਹੌਰ ਵਿਚ ਖਾਸ ਕਰਕੇ ਵਾਪਰ ਰਿਹਾ ਸੀ, ਉਸਦੀ ਰੂਪ ਰੇਖਾ ਅਤੇ ਉਸਦੇ ਕਾਰਨਾਂ ਉਤੇ ਵਿਚਾਰ ਕਰ ਰਿਹਾ ਸਾਂ। ਮੇਰੀ ਸਿਮ੍ਰਤੀ ਦੀਆਂ ਅਖਾਂ ਦੇ ਸਾਹਮਣਿਓਂ ਪਿਛਲੇ ੮ ਸੌ ਸਾਲ ਦੀ ਤਾਰੀਖ ਦੇ ਮੋੜ ਤੇ ਘੁੰਮਣ ਘੇਰ ਲੰਘ ਰਹੇ ਸਨ। ਮਹਿਮੂਦ ਗਜ਼ਨਵੀ ਸ਼ਹਾਬੁਦੀਨ ਗ਼ੋਰੀ, ਪਠਾਨ, ਮੁਗਲ, ਸਿਖ ਮਤ ਦਾ ਜਨਮ, ਖਾਲਸੇ ਦੀ ਉਤਪਤੀ, ਮੀਰ ਮੰਨੂੰ, ਸੂਬਾ ਅਬਦੁਸਮੱਦ, ਵਡੇ ਛੋਟੇ ਘਲੂਘਾਰੇ, ਖਾਲਸਾ ਸਰਕਾਰ ਦੀ ਸਥਾਪਤੀ, ਸਿਖ ਰਾਜ ਦਾ ਪ੍ਰਾਜੈ, ਸਰਦਾਰ ਸ਼ਾਮ ਸਿੰਘ, ਚਤਰ ਸਿੰਘ, ਸ਼ੇਰ ਸਿੰਘ ਅਟਾਰੀ, ਭਾਈ ਮਹਾਰਾਜ ਸਿੰਘ। ਬਾਬਾ ਰਾਮ ਸਿੰਘ ਦਾ ਧਿਆਨ ਕੀਤਾ ਤਾਂ ਕੜਕ ਕਰਕੇ, ਜਾਗ੍ਰਤ ਅਵਸਥਾ ਤੋਂ ਉਥਾਨ ਹੋਕੇ, ਸੁਪਨ ਅਵਸਥਾ ਦੀ ਉਪਰਲੀ ਸੀਮਾਂ ਉਤੇ ਮੇਰੇ ਮਨ ਤੇ ਬੁਧੀ ਜਾ ਖੜੇ ਹੋਏ ਅਤੇ ਹੋਲੀ ਜਿਹੀ ਅਛੋਪਲਾ ਮੇਰਾ ਸਿਰ ਸਾਹਮਣੀ ਮੇਜ਼ ਉਤੇ ਜਾ ਟਿਕਿਆ। ਕੀ ਦੇਖਦਾ ਹਾਂ ਕਿ ਬਾਬਾ ਰਾਮ ਸਿੰਘ ਜੀ, ਇਕ ਸਿੰਘ ਅਰਦਲ ਵਿਚ ਬੂਹਾ ਖੋਹਲ ਮੇਰੇ ਕਮਰੇ ਫਲੈਟੀ ਹੋਟਲ ਵਿਚ ਆ ਵੜੇ ਹਨ। ਮੈਂ ਉਠ ਕੇ ਫਤਹਿ ਬੁਲਾਈ ਅਤੇ ਉਹ ਫਰਸ਼ ਉਤੇ ਹੀ ਮੇਰੇ ਕੋਲ ਬੈਠ ਗਏ। ਅਰਦਲੀ ਸਿੰਘ ਪਿਛੇ ਖੜਾ ਰਿਹਾ ਤੇ ਬਾਬਾ ਜੀ ਕਹਿਣ ਲਗੇ, "ਭਾਈ ਸਿਖਾ, ਹੋਰ ਬਚਨ ਫੇਰ ਕਰਨੇ ਅਸਾਂ ਨੂੰ ਭੁਖ ਲਗੀਏ ਕੁਝ ਛਕਣ ਨੂੰ ਦੇਹ।" ਤਦ ਅਰਦਲੀ ਨੇ ਕਿਹਾ ਸਤਿਗੁਰਾਂ ਨੂੰ ਭੁਖ ਲਗੀ ਹੈ, ਪ੍ਰਸ਼ਾਦ ਛਕਾਓ ਪਹਿਲਾਂ। ਕਮਰਾ ਓਹੋ ਫਲੈਟੀ ਹੋਟਲ ਦਾ ਸੀ, ਪਰ ਓਹੋ ਛਿਕੂ ਜਿਸ ਵਿਚ ਮੇਰੀ ਮਾਤਾ, ਜਦੋਂ ਮੈਂ ਬਚਪਨ ਵਿਚ ਲਾਇਲਪੁਰ ਦੇ ਇਕ ਪਿੰਡ ਵਿਚ ਆਪਣੇ ਪਿਤ੍ਰੀ ਅਸਥਾਨ ਵਿਚ ਰਹਿੰਦਾ ਸੀ, ਰੋਟੀਆਂ ਰਖ ਕੇ ਆਪ ਖੇਤਾਂ ਨੂੰ ਚਲੀ ਜਾਂਦੀ ਹੁੰਦੀ ਸੀ, ਕਮਰੇ ਵਿਚ ਲਟਕ ਰਿਹਾ ਦਿਖਾਈ ਦਿਤਾ। ਮੈਂ ਉਠ ਕੇ ਉਸ ਤੋਂ ਪੋਣਾ ਲਾਹ ਕੇ ਖੋਹਲਿਆ ਤਾਂ ਵਿਚ ਦੋ ਕਣਕ ਦੀਆਂ ਘਿਉ ਚੋਪੜੀਆਂ ਰੋਟੀਆਂ ਤੇ ਦੋ ਟੁਕੜੇ ਅੰਬ ਦੇ ਆਚਾਰ ਦੇ ਪਏ ਸਨ। ਮੈਂ ਬਾਬਾ ਰਾਮ ਸਿਘ ਜੀ ਦੇ ਹੱਥਾਂ ਉਤੇ ਰਖੇ ਤਾਂ ਉਹਨਾਂ ਨੇ ਪ੍ਰਸ਼ਾਦਾ ਤੇ ਇਕ ਅੰਬ ਦੇ ਆਚਾਰ ਦੀ ਫਾੜੀ ਆਪਣੇ ਸਾਥੀ ਸਿੰਘ ਨੂੰ ਦੇ ਦਿਤੀ ਅਤੇ ਦੋਹਾਂ ਨੇ ਚੁਪ ਚਾਪ ਪ੍ਰਸ਼ਾਦੇ ਛਕ ਲਏ। ਫਿਰ ਮੈਂ ਇਕ ਦੋ ਗਲਾਂ ਪੁਛੀਆਂ ਤਾਂ ਉਹਨਾਂ ਨੇ ਸਪਸ਼ਟ ਉਤਰ ਮੈਨੂੰ ਬਖਸ਼ੇ ਅਤੇ ਅੰਤ ਨੂੰ ਦੁਖ ਭਰੀ ਆਵਾਜ਼ ਵਿਚ ਮੈਨੂੰ ਕਹਿਣ ਲਗੇ, "ਅਸਾਨੂੰ ਠੀਕ ਸਮਝਿਆ ਕਿਸੇ ਨਾ, ਠੀਕ ਸਮਝਿਆ ਕਿਸੇ ਨਹੀਂ। ਬਸ ਇਹ ਬਚਨ ਹੋਏ ਤੇ ਮੈਂ ਹੁਰਕਾ ਖਾ ਕੇ, ਜਾਗਰਤ ਦੇਸ਼ ਵਿਚ ਆ ਡਿਗਾ। ਉਹੋ ਕਮਰਾ ਤੇ ਉਹੋ ਕੁਰਸੀ ਤੇ ਮੇਜ਼, ਜਿਸ ਉਤੇ ਮੈਂ ਬੈਠਾ ਹੋਇਆ ਸਾਂ। ਮੈਂ ਇਹ ਅਦਭੁਤ ਗੱਲ, ਧਿਆਨ ਸਿੰਘ ਜੀ ਪਥਰਾਂ ਵਾਲਿਆਂ ਨਾਲ ਉਹਨਾਂ ਦਿਨਾਂ ਵਿਚ ਸਰਸਰੀ ਤੌਰ ਤੇ ਕੀਤੀ ਤਾਂ ਇਹ ਕਹਿਣ ਲਗੇ, "ਬੜੇ ਭਾਗਾਂ ਵਾਲੇ ਹੋ, ਜਿਨ੍ਹਾਂ ਦੇ ਹਥੋਂ ਪ੍ਰਸ਼ਾਦਾ ਲੈ ਕੇ ਸਤਿਗੁਰੂ ਰਾਮ ਸਿਘ ਜੀ ਨੇ ਆਪ ਛਕਿਆ ਹੈ।"

੪

ਇਸ ਤੋਂ ਕੁਝ ਦਿਨ ਪਿਛੋਂ ਹੀ ਮੈਂ ਧਰਮਸਾਲਾ, ਕਾਂਗੜੇ ਦੇ ਜ਼ਿਲੇ ਡਿਪਟੀ ਕਮਿਸ਼ਨਰ ਜਾ ਲਗਾ। ਅਕਤੂਬਰ ਸੰਨ ੧੯੪੭ ਦਾ ਅੰਤ ਸੀ, ਤੇ ਮਾਸਟਰ ਤਾਰਾ ਸਿੰਘ ਜੀ, ਕੁਝ ਮਾਂਦੇ ਹੋਣ ਦੇ ਕਾਰਣ ਮੇਰੇ ਕੋਲ ਹੀ ਠਹਿਰੇ ਹੋਏ ਸਨ। ਡਿਪਟੀ ਕਮਿਸ਼ਨਰ ਦੇ ਬੰਗਲੇ ਦੇ ਘਾਹ-ਮੈਦਾਨ ਵਿਚ ਮੈਂ, ਮੇਰਾ ਬੱਚਾ, ਮਾਸਟਰ ਤਾਰਾ ਸਿੰਘ ਜੀ ਅਤੇ ਮੇਰੀ ਸਿੰਘਣੀ ਬੈਠੇ ਸਾਂ, ਕਿ ਬਾਬਾ ਪ੍ਰਤਾਪ ਸਿੰਘ ਜੀ ਸਮੇਤ ਪੰਜ ਨਾਮਧਾਰੀ ਸਿੰਘ ਮੇਰੀ ਕੋਠੀ ਵਾਲੀ ਪਹਾੜੀ ਉਤੇ ਆ ਚੜੇ। ਚਿਟੇ ਸਫੈਦ ਬਸਤਰ, ਸਭ ਸਿੰਘਾਂ ਦੇ ਸਿਧੀਆਂ ਦਸਤਾਰਾਂ, ਖੁਲੇ ਦਾੜੇ, ਉਨ ਦੀਆਂ ਮਾਲਾ ਗਲਾਂ ਵਿਚ, ਅਖਾਂ ਤੇ ਯਕੀਨ ਨਾ ਆਵੇ ਕਿ ਇਹ ਸੰਨ ੧੯੪੭ ਹੈ ਕਿ ਸੰਨ ੧੮੪੭। ਮੈਂ ਸਤਿਕਾਰ ਨਾਲ ਸਭ ਨੂੰ ਬਿਠਾਇਆ, ਸੁਖ ਸਾਂਦ ਪੁਛੀ ਅਤੇ ਪਾਣੀ ਧਾਣੀ ਦੀ ਸੇਵਾ ਉਪਰਾਂਤ ਮੇਰੀ ਸਿੰਘਣੀ ਨੇ ਇਕ ਦੁਸ਼ਾਲਾ ਤੇ ੫੧ ਰੁਪਏ ਚਾਂਦੀ ਦੇ ਥਾਲ ਵਿਚ ਰਖ ਲਿਆ, ਬਾਬਾ ਪ੍ਰਤਾਪ ਸਿੰਘ ਦੀ ਭੇਟ ਕੀਤੇ। ਮਾਸਟਰ ਤਾਰਾ ਸਿੰਘ ਜੀ ਹਸ ਕੇ ਕਹਿਣ ਲਗੇ, 'ਮੇਰੀ ਨੀਲੀ ਪਗ ਕਰਕੇ ਮੇਰਾ ਇਸ ਤਰ੍ਹਾਂ ਸਵਾਗਤ ਨਹੀਂ ਸੀ ਹੋਇਆ?' ਮੈਂ ਉਤਰ ਦਿਤਾ "ਨੀਲਾਂਬਰੀ ਬਸਤਰ ਤਾਂ ਆਪ ਦਸਮ ਪਾਤਸ਼ਾਹ ਦਾ ਪ੍ਰਿਯ ਰਿੰਨ ਹਨ ਪਰ ਤੁਹਾਡੀ ਪਗ ਦੇ ਪੇਚ ਐਸੇ ਗੁਰਮੁਖੀ ਹਨ ਜਿਸ ਤਰ੍ਹਾਂ ਇਨ੍ਹਾਂ ਨਾਮਧਾਰੀ ਸਿੰਘਾਂ ਦੇ?" ਇਹ ਸੁਣ ਕੇ ਬਾਬਾ ਪ੍ਰਤਾਪ ਸਿੰਘ ਜੀ ਅਤੇ ਹੋਰ ਸਭ ਪ੍ਰਸੰਨ ਹੋ ਕੇ ਹੱਸ ਪਏ। ਮੈਂ ਕੁਝ ਕਹਿਣ ਲਗਾ ਸੀ, ਕਿ ਬਾਬਾ ਪ੍ਰਤਾਪ ਸਿੰਘ ਜੀ ਆਪ ਹੀ ਬੋਲ ਪਏ, ਅਸੀਂ ਲੋਕ ਤਾਂ ਸਿਖੀ ਦੀ ਯਾਚਨਾ --ਅਰਦਾਸ ਹੀ ਕਰਦੇ ਹਾਂ, ਅਕਾਲੀ ਗੁਰੂ ਦੀਆਂ ਲਾਡਲੀਆਂ



Namdhari Elibrary NamdhariElibrary@gmail.com

ਫੌਜਾਂ ਹਨ, ਸਾਡਾ ਇਹਨਾਂ ਨਾਲ ਕੀ ਮੁਕਾਬਲਾ ?' ਇਉਂ ਵਾਤਾਵਰਣ ਨਿਰੇ ਹਾਸੇ ਤੋਂ ਨਿਮਰਤਾ ਦੀ ਉਚਤਾ ਵਲ ਚਲਾ ਗਿਆ ਤਾਂ ਬਾਬਾ ਪ੍ਰਤਾਪ ਸਿੰਘ ਜੀ ਆਖਣ ਲਗੇ, 'ਅਸਾਂ ਤੁਹਾਡੇ ਨਾਲ ਕੁਝ ਇਕਲਿਆਂ ਬਚਨ ਕਰਨੇ ਹਨ।' ਤਦ ਅਸੀਂ ਦੋਵੇਂ ਕੋਠੀ ਦੇ ਡਰਾਇੰਗ ਰੂਮ ਵਿਚ ਚਲੇ ਗਏ ਤਾਂ ਆਖਿਓਨੇ, '੨੪ ਜੂਨ ਨੂੰ ਵਾਪਰੇ ਲਾਹੌਰ ਵਾਲੇ ਚਮਤ-ਕਾਰ ਦਾ ਸਾਰਾ ਸਮਾਚਾਰ ਮੈਨੂੰ ਇੰਨ ਬਿਨ ਸੁਣਾਓ।' ਮੈਂ ਅਲਫ ਤੋਂ ਯੇ ਤਕ ਸਾਰੇ ਚਮਤਕਾਰ ਦਾ ਵਿਸਥਾਰ ਸੁਣਾਇਆ ਤਾਂ ਮੇਰੇ ਉਤੇ ਚੰਗੀ ਲੰਮੀ ਜਿਰਹ ਕੀਤੀ। 'ਜਾਗਦੇ ਸਾਓ ਕਿ ਸੁਤੇ ਹੋਏ ?' ਮੈਂ ਕਿਹਾ ਕਿ, 'ਜਾਗਰਤ ਦੇ ਪਰਲਾ ਕਿਨਾਰਾ ਅਤੇ ਸੁਸ਼ੋਪਤ ਅਵਸਥਾ ਦੇ ਉਰਾਰਲਾ ਕੰਢਾ ਸੀ ਜਿਥੇ ਮੈਂ ਖਲੋਤਾ ਸਾਂ।' ਫੇਰ ਕਹਿਣ ਲਗੇ, 'ਕਮਰੇ ਵਿਚ ਸੂਰਜ ਦਾ ਚਾਨਣ ਸੀ ਕਿ ਤਾਰਿਆਂ ਦੀ ਲੋਅ ?' ਮੈਂ ਕਿਹਾ, 'ਸੂਰਜ ਦਾ ਚਾਨਣ ਨਹੀਂ ਸੀ ਪਰ ਧੀਮਾਂ ਚਾਨਣ ਸੀ, ਤਾਰਿਆਂ ਤੋਂ ਵਧ।' ਫੇਰ ਕਹਿਣ ਲਗੇ, 'ਸਤਿਗੁਰੂ (ਰਾਮ ਸਿੰਘ ਜੀ) ਦੇ ਨੇਤਰ ਝਮਕਦੇ ਸਨ ?' ਮੈਂ ਕਿਹਾ ਇਹ ਗੱਲ ਮੈਂ ਧਿਆਨ ਨਾਲ ਵੇਖੀ ਸੀ, ਤ੍ਰਾਟਕ ਨੇਤਰ ਸਨ।' ਅੰਤ ਨੂੰ ਪੁਛਿਆ, 'ਖੜ੍ਹਿਆਂ ਬੈਠਿਆਂ ਦਾ ਸਰੀਰ ਧਰਤੀ ਨਾਲ ਛੂੰਹਦਾ ਸੀ।' ਮੈਂ ਦੱਸਿਆ, 'ਅਧੀ ਕੁ ਇੰਚ ਧਰਤੀ ਨਾਲੋਂ ਅਛੋਹ ਸੀ।' ਆਖਰ ਨੂੰ ਕਿਹਾ 'ਜਿਹੜਾ ਸਿੰਘ ਅਰਦਲ ਵਿਚ ਸੀ ਉਸ ਦਾ ਹੁਲੀਆ ਦਸੋ, ਮੈਂ ਦਸਿਆ ਤਾਂ ਕਹਿਣ ਲਗੇ, 'ਠੀਕ ਇਹ...... ਸਿੰਘ ਹੀ ਸੀ।' ਇਉਂ ਆਖਿਆ ਅਤੇ ਮੇਰੇ ਚਰਨਾਂ ਨੂੰ ਦੋਵੇਂ ਹਥ ਲਾ ਦਿਤੇ। 'ਬੜੇ ਵਡੇ ਭਾਗਾਂ ਵਾਲੇ ਹੋ, ਤੁਹਾਨੂੰ ਸਤਿਗੁਰੂ ਨੇ ਦੇਵ ਰੂਪ ਵਿਚ ਦਰਸ਼ਨ ਦਿਤੇ ਹਨ।'

ਜਦੋਂ ਬਾਹਰ ਆਏ ਤਾਂ ਇਕ ਨਾਲ ਦੇ ਸਿੰਘ ਨੇ ਪੁਛਿਆ, 'ਕਿਉਂ ਜੀ ਕੰਮ ਬਣ ਗਿਆ ?' ਬਾਬਾ ਪ੍ਰਤਾਪ ਸਿੰਘ ਜੀ ਕਹਿਣ ਲਗੇ, 'ਤੁਸੀਂ ਆਪ ਹੀ ਗੱਲ ਕਰ ਲਓ।' ਗਲ ਹੋਈ ਤਾਂ ਪਤਾ ਲਗਾ ਕਿ ਬਾਬਾ ਜੀ ਦੀ ਮੋਟਰ ਕਾਰ ਦਾ ਪਟਰੋਲ ਮੁਕਾ ਹੋਇਆ ਹੈ ਅਤੇ ਡਿਪਟੀ ਕਮਿਸ਼ਨਰ ਦੇ ਹੁਕਮ ਤੋਂ ਬਿਨਾਂ ਪਟਰੋਲ ਖਰੀਦਣ ਦੀਆਂ ਪਰਚੀਆਂ ਨਹੀਂ ਮਿਲ ਸਕਦੀਆਂ। ਮੈਂ ਇਹ ਔਕੜ ਦੂਰ ਕਰ ਦਿਤੀ।

੫

ਅਨੇਕ ਬਾਰ ਬਾਬਾ ਪ੍ਰਤਾਪ ਸਿੰਘ ਜੀ, ਮੈਨੂੰ, ਆਪ ਆ ਕੇ, ਜਿਥੇ ਕਿਤੇ ਭੀ ਨੌਕਰੀ ਦੇ ਸਿਲਸਿਲੇ ਵਿਚ ਮੈਂ ਹੋਵਾਂ, ਦਰਸ਼ਨ ਦਿਆ ਕਰਦੇ ਸਨ। ਚਿਠੀ ਪਤਰ ਭੀ ਕਰ ਲੈਂਦੇ ਸਨ। ਪਹਿਲਾਂ ਪਹਿਲਾਂ ਤਾਂ ਕਿਸੇ ਲਿਖਾਰੀ ਕੋਲੋਂ ਚਿਠੀ ਲਿਖਵਾਂਦੇ ਸਨ, ਜੋ ਕਿ ਬੜੇ ਸੁੰਦਰ ਗੁਰਮੁਖੀ ਦੇ ਅਖਰ ਲਿਖਦਾ ਸੀ ਪਰ ਪਿਛੋਂ ਜਾ ਕੇ ਆਪਣੇ ਹਥ ਨਾਲ ਭੀ ਲਿਖ ਦੇਂਦੇ ਸਨ। ਹੋ ਸਕਦਾ ਹੈ ਕੋਈ ਪਤਰਕਾ ਅਜੇ ਭੀ ਮੇਰੇ ਪੁਰਾਣੇ ਕਾਗਜ਼ਾਂ ਵਿਚੋਂ ਨਿਕਲ ਆਵੇ। ●


ਬੰਗਲਾ ਦੇਸ਼ ਬਾਰੇ ਕਵਿਤਾਵਾਂ ਦਾ ਅਦੁੱਤੀ ਸਗ੍ਰਹਿ

## ਅੱਗ ਦੇ ਪੱਤੇ

### ਸੰਤੋਖ ਸਿੰਘ ਧੀਰ

ਇਕ ਵਿਦਵਾਨ ਪਾਠਕ ਦੀ ਰਾਏ :

......ਇਨ੍ਹਾਂ ਪੱਤਿਆਂ ਵਿਚ ਮਨੁੱਖੀ ਵਫ਼ਾ ਤੇ ਦਰਦ ਦੀ ਤਿੱਖੀ ਪੀੜ ਲਾਟਾਂ ਬਣ-ਬਣ ਉਠ ਰਹੀ ਹੈ ਜਿਹੜੀ ਨਿਰਦੈਤਾ, ਕਠੋਰਤਾ, ਬੇਵਫ਼ਾਈ ਤੇ ਜ਼ੁਲਮ ਨੂੰ ਸਦਾ ਲਈ ਭਸਮ ਕਰ ਕੇ ਛੱਡੇਗੀ।

ਇਹ ਇਕ ਬੰਗਲਾ ਦੇਸ਼ ਹੀ ਨਹੀਂ, ਦੁਨੀਆਂ ਦੇ ਆਜ਼ਾਦੀ ਤੇ ਮਨੁੱਖੀ ਅਣਖ ਲਈ ਲੜੇ ਗਏ ਸੰਗ੍ਰਾਮਾਂ ਦੀ ਮਰਦਊ ਤੇ ਬੀਰ ਗਾਥਾ ਹੈ।

'ਅੱਗ ਤੇ ਪੱਤੇ' ਸਾਰੀਆਂ ਜ਼ਬਾਨਾਂ ਵਿਚ ਪ੍ਰਕਾਸ਼ਤ ਹੋਣੇ ਚਾਹੀਦੇ ਹਨ। ਇਹ ਪੰਜਾਬੀ ਸਾਹਿਤ ਨੂੰ ਚਾਰ ਚੰਨ ਲਾਉਣ ਵਾਲੀ ਅਮਰ ਰਚਨਾ ਹੈ। ਇਸ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਏ, ਥੋੜੀ ਹੈ।

ਇਹ ਅੱਗ ਦੇ ਪੱਤੇ ਦਰਅਸਲ ਪਿਆਰ ਦੇ ਪੱਤੇ ਹਨ, ਠੰਡ ਪਾਉਣ ਵਾਲੇ, ਇਨਸਾਫ਼ ਤੇ ਸਚਾਈ ਦੇ ਭਾਂਬੜ ਬਾਲਣ ਵਾਲੇ, ਅੱਗ ਨੂੰ ਅਨੋਖੇ ਅਰਥ ਦੇ ਕੇ ਸੁੰਦਰ ਅਤਿ ਸੁੰਦਰ ਬਨਾਉਣ ਵਾਲੇ। ਸ਼ਾਲਾ ! ਇਹ ਪੱਤੇ ਸ਼ੁਭ ਭਾਵਨਾ ਦੀ ਹਵਾ ਨਾਲ ਦੁਨੀਆਂ ਵਿਚ ਖਿਲਰ ਜਾਣ।

ਸੋਹਣਾ ਕਾਗਜ਼, ਸੋਹਣੀ ਛਪਾਈ ਤੇ ਬੜੀ ਹੀ ਸੋਹਣੀ ਜਿਲਦ। ਇਤਨੀ ਵਧੀਆ ਪੁਸਤਕ ਪ੍ਰਕਾਸ਼ਤ ਕਰਨੀ ਵੀ ਲੋਕਾਂ ਉਤੇ ਬੜਾ ਉਪਕਾਰ ਹੈ। ਕਵੀ ਦੀ ਆਵਾਜ਼ ਬੇਹੱਦ ਸਤਿਕਾਰ ਦੀ ਹੱਕਦਾਰ ਹੈ। ਆਤਮਾ ਸਿੰਘ ਸ਼ਾਂਤ

ਮੁੱਲ : ਦਸ ਰੁਪਏ ਸੰਤੇ ਮਾਜਰਾ (ਖਰੜ)

ਮਿਲਣ ਦਾ ਪਤਾ

**ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ।**





Namdhari Elibrary NamdhariElibrary@gmail.com

ਥਾਈਲੈਂਡ ਦੀ ਕਹਾਣੀ

# ਅਪਰਾਧੀ

ਮੂਲ ਲੇਖਕ : ਵੇਤਾਲ

ਇਕ ਨੌਜਵਾਨ 'ਪਰਦੂਤਾਈ ਮੱਠ' ਕੋਲੋਂ ਦੀ ਲੰਘ ਰਿਹਾ ਸੀ। ਉਸੇ ਸਮੇਂ ਬਾਰਸ਼ ਹੋਣ ਲੱਗ ਗਈ। ਉਹ ਦੌੜ ਕੇ ਅਰਾਮਘਰ ਵਿਚ ਵੜ ਗਿਆ। ਉਸ ਸਮੇਂ ਇਕ ਭਿਖਸ਼ੂ ਤੇ ਇਕ ਔਰਤ ਵੀ ਦੌੜਦੇ ਹੋਏ ਉਸ ਅਰਾਮਘਰ ਵਿਚ ਆ ਗਏ।

ਨੌਜਵਾਨ ਨੇ ਆਪਣੀ ਗੰਢ ਖੋਲ੍ਹੀ ਤੇ ਥੋੜਾ ਜਿਹਾ ਤੰਬਾਕੂ ਕਢਕੇ ਉਸਨੂੰ ਕੇਲੇ ਦੇ ਪਤੇ ਵਿਚ ਰਖ ਕੇ ਸਿਗਰਟ ਬਣਾ ਲਈ ਤੇ ਫਿਰ ਉਹ ਬੜੇ ਮਜ਼ੇ ਨਾਨ ਕੱਸ਼ ਖਿਚਣ ਲੱਗਾ।

ਭਿਖਸ਼ੂ ਤੇ ਔਰਤ ਆਪਸ ਵਿਚ ਗੱਲਾਂ ਕਰਨ ਲਗੇ।-

—ਇਹ ਬੇਮੌਸਮੀ ਬਾਰਸ਼ ਪਹਿਲਾਂ ਤੇ ਕਦੇ ਨਹੀਂ ਹੋਈ। ਭਿਖਸ਼ੂ ਬੋਲਿਆ।

—ਮੇਰੇ ਪਤੀ ਨੂੰ ਫਾਂਸੀ ਦੀ ਸਜ਼ਾ ਹੋਈ ਹੈ। ਮੈਂ ਤੁਹਾਨੂੰ ਬੁਲਾਉਣ ਲਈ ਆਈ ਸਾਂ ਕਿ ਤੁਸੀਂ ਉਸ ਲਈ ਪ੍ਰਾਰਥਨਾ ਕਰੋਗੇ ਸ਼ਾਇਦ ਉਹ ਬਚ ਜਾਵੇ। ਔਰਤ ਨੇ ਆਪਣੀ ਗਲ ਜਾਰੀ ਰਖਦਿਆਂ ਕਿਹਾ—ਪਰ ਇਹ ਪਤਾ ਨਹੀਂ ਕਿਹੜੇ ਜਨਮਾਂ ਦਾ ਫਲ ਹੈ ਕਿ ਐਨ ਮੌਕੇ ਤੇ ਜ਼ੋਰਦਾਰ ਬਾਰਸ਼ ਆ ਗਈ ਹੈ—ਹੁਣ ਤੁਸੀਂ "ਕੁੰਗ ਸੀ ਅਯੁਸ਼ਿਆ" (ਥਾਈਲੈਂਡ ਦੀ ਰਾਜਧਾਨੀ) ਨਹੀਂ ਪੁੱਜ ਸਕਾਂਗੀ ਤੇ ਮੇਰੇ ਪਤੀ ਨੂੰ ਫਾਂਸੀ ਤੇ ਲਟਕਾ ਦਿਤਾ ਜਾਵੇਗਾ।

ਇਹ ਗਲ ਸੁਣ ਕੇ ਭਿਖਸ਼ੂ ਨੂੰ ਬੜਾ ਰਹਿਮ ਆਇਆ। ਉਹ ਬੋਲਿਆ ਤੇਰੇ ਮੂਹੋਂ ਪੂਰਵ ਜਨਮ ਦੀ ਗੱਲ ਸੁਣਕੇ ਲਗਦਾ ਹੈ ਕਿ ਤੈਨੂੰ ਭਗਵਾਨ ਦੇ ਉਪਦੇਸ਼ਾਂ ਦਾ ਗਿਆਨ ਹੈ। ਇਸ ਜਨਮ ਵਿਚ ਮਨੁੱਖ ਦੁੱਖਾਂ ਤੋਂ ਦੂਰ ਨਹੀਂ ਭੱਜ ਸਕਦਾ। ਉਨ੍ਹਾਂ ਤੋਂ ਛੁਟਕਾਰਾ ਪਾ ਕੇ ਆਪਣੀ ਮਰਜ਼ੀ ਅਨੁਸਾਰ ਸੁਖ ਦੀ ਖੋਜ ਕਰਨ ਲਈ ਉਹ ਖੁਦ ਆਜ਼ਾਦ ਨਹੀਂ ਹੈ। ਇਹ ਸਭ ਕੁਝ ਮਨੁੱਖ ਦੇ ਪਿਛਲੇ ਜਨਮਾਂ ਦੇ ਫਲ ਤੇ ਨਿਰਭਰ ਕਰਦਾ ਹੈ। ਕੁਝ ਰੁਕ ਕੇ ਭਿਖਸ਼ੂ ਨੇ ਫਿਰ ਕਿਹਾ।

—ਤੇਰੇ ਮਾਮਲੇ ਵਿਚ ਵੀ ਇਹੀ ਸੱਚ ਹੈ। 'ਆਈ ਪੋਂਗ' ਵਰਗਾ ਖਤਰਨਾਕ ਅਪਰਾਧੀ ਜਿਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਭੱਜ ਗਿਆ। ਭਿਖਸ਼ੂ ਕਹਿ ਰਿਹਾ ਸੀ।

ਇਹ ਗੱਲ ਸੁਣਦੇ ਸਾਰ ਹੀ ਸਿਗਰਟ ਦੇ ਕਸ਼ ਖਿਚ ਰਹੇ ਨੌਜੁਆਨ ਦੇ ਰੌਂਗਟੇ ਖੜੇ ਹੋ ਗਏ।

ਭਿਖਸ਼ੂ ਨੇ ਉਸ ਵਲ ਧਿਆਨ ਦਿਤੇ ਬਿਨਾ ਗੱਲ ਜਾਰੀ ਰਖੀ—ਆਈ ਪੋਂਗ, ਫਰਾਰ ਹੋ ਕੇ ਸਜ਼ਾ ਤੋਂ ਬਚ ਗਿਆ ਤੇ ਉਸਦੀ ਜਗ੍ਹਾ ਤੇਰਾ ਪਤੀ ਖੁਨ-ਸਾਰਵੇਨਜੋ ਵਿਚਾਰਾ ਸਾਰੀ ਉਮਰ ਰਾਜਾ ਦਾ ਵਫਾਦਾਰ ਨੌਕਰ ਰਿਹਾ, ਦੁਖ ਦੀ ਗੱਲ ਹੈ ਕਿ ਉਸ ਨੂੰ ਆਈ ਪੋਂਗ ਦੀ ਪਹਿਰੇਦਾਰੀ ਦੀ ਜ਼ਿਮੇਂਵਾਰੀ ਉਠਾਉਣੀ ਪਈ ਸੀ ਤੇ ਅਈ ਪੋਂਘ ਦੇ ਫਰਾਰ ਹੋ ਜਾਣ ਨਾਲ ਰਾਜਾ ਨੇ ਤੇਰੇ ਪਤੀ ਨੂੰ ਫਾਂਸੀ ਦੀ ਸਜ਼ਾ ਦਾ ਹੁਕਮ ਦੇ ਦਿਤਾ। ਮੈਨੂੰ ਪੂਰਨ ਯਕੀਨ ਹੈ ਕਿ ਆਈ ਪੋਂਗ ਨੂੰ ਭਜਾਉਣ ਵਿਚ ਤੇਰੇ ਪਤੀ ਦਾ ਕੋਈ ਹਥ ਨਹੀਂ ਜਿਸ ਤਰ੍ਹਾਂ ਕਿ ਜੱਜ ਨੇ ਦੋਸ਼ ਲਾਇਆ ਹੈ। ਇਹ ਸਭ ਤੁਹਾਡੇ ਪਿਛਲੇ ਜਮਮਾਂ ਦਾ ਫਲ ਹੀ ਹੈ ਕਿ ਆਈ ਪੋਂਗ ਜੇਲ ਚੋਂ ਭੱਜ ਗਿਆ ਤੇ ਉਸਦੀ ਸਜ਼ਾ ਖੁਨ-ਸਾਰਵੇਨ ਨੂੰ ਫਾਂਸੀ ਦੀ ਸਜ਼ਾ ਭੁਗਤਣੀ ਪੈ ਰਹੀ ਹੈ। ਇਸ ਦਾ ਮਤਲਬ ਇਹੀ ਹੈ ਕਿ ਜਰੂਰ ਹੀ ਆਈ ਪੋਂਗ ਨੇ ਪਿਛਲੇ ਜਨਮ ਵਿਚ ਕੋਈ ਚੰਗਾ ਕੰਮ ਬੀਤਾ ਹੋਵੇਗਾ ਤਦੇ ਹੀ ਉਹ ਸਜ਼ਾ ਤੋਂ ਬਚ ਗਿਆ।

ਭਿਖਸ਼ੂ ਕਹਿੰਦਾ ਹੀ ਗਿਆ— ਤੂੰ ਮੈਨੂੰ ਉਥੇ ਲਿਜਾ ਕੇ ਆਪਣੇ ਮੰਤਰਾਂ ਦੇ ਪ੍ਰਭਾਵ ਨਾਲ ਆਪਣੇ ਪਤੀ ਦੀ ਰਖਿਆ ਲਈ ਉਕਸਾਇਆ ਹੈ। ਮੈਂ ਭਿਖਸ਼ੂ ਹਾਂ ਤੈਂ ਮੈਨੂੰ ਤੇਰੀ ਗੱਲ ਮੰਨਣੀ ਹੀ ਪਈ। ਪਰ ਤੇਰੇ ਪਤੀ ਦੇ ਪਿਛਲੇ ਜਨਮ ਦੇ ਪਾਪਾਂ ਨੂੰ ਮੈਂ ਆਪਣੇ ਮੰਤਰਾਂ ਤੇ ਗੈਬੀ ਤਾਕਤ ਨਾਲ ਕਿਸੇ ਤਰ੍ਹਾ ਵੀ ਮਿਟਾ ਨਹੀਂ ਸਕਦਾ। ਪਰ ਫਿਰ ਵੀ ਤੇਰੀ ਤੱਸਲੀ ਲਈ ਮੈਂ ਇਸ ਬਾਰਸ਼ ਵਿਚ ਭਿਜਦਾ ਹੋਇਆ ਵੀ ਕੁੰਗ-ਸੀ-ਅਯੁਸ਼ਿਆ ਜ਼ਰੂਰ ਜਾਵਾਂਗਾ। ਜਿਸ ਤਰ੍ਹਾਂ ਤੂੰ ਚਾਹੁੰਦੀ ਹੈਂ ਉਸੇ ਤਰ੍ਹਾਂ ਆਪਣੀ ਪ੍ਰਾਰਥਨਾ ਦੇ ਪ੍ਰਭਾਵ ਨਾਲ ਤੇਰੇ ਪਤੀ ਦੀ ਰਖਿਆ ਕਰਨ ਦੀ ਕੋਸ਼ਿਸ਼ ਕਰਾਂਗਾ।

ਇਨਾ ਕਹਿਕੇ ਭਿਖਸ਼ੂ ਜ਼ਬਰਦੈਸਤ ਬਾਰਸ਼ ਵਿਚ ਨਿਕਲ ਤੁਰਿਆ।

ਅਚਾਨਕ ਇਕ ਅਵਾਜ ਉਭਰੀ ਮੈਂ ਭੱਜਣ ਦਾ ਇਰਾਦਾ ਛਡ ਦਿਤਾ ਹੈ, ਮੈਂ ਹੀ ਆਈ ਪੋਂਗ ਹਾਂ, ਮੈਨੂੰ ਫੜ ਕੇ ਅਧਿਕਾਰੀਆਂ ਪਾਸ ਲੈ ਚਲੋ।

ਭਿਖਸ਼ੂ ਤੇ ਔਰਤ ਨੇ ਵੇਖਿਆ, ਉਸ ਅਰਾਮ ਘਰ 'ਚ ਸਿਗਰਟ ਪੀਣ ਵਾਲਾ ਨੌਜੁਆਨ ਓਸ ਦੇ ਸਾਹਮਣੇ ਸਿਰ ਝੁਕਾਈ ਖੜਾ ਸੀ।

ਅਨੁ: ਤਿਲਕ ਰਾਜਪੂਤ, ਸਬ ਐਡੀਟਰ ਰੋਜ਼ਾਨਾ ਅਜੀਤ ਜਲੰਧਰ।



Namdhari Elibrary NamdhariElibrary@gmail.com

ਦੋ ਲਘੂ ਕਥਾਵਾਂ

—ਪ੍ਰੀਤਮ ਸਿੰਘ ਕਵੀ

# ਨਸ਼ੁਕਰਾ

ਇਹ ਕਹਾਣੀ ਰੂਸ ਦੀ ਹੈ ।

ਕੋਈ ਮੁੰਡਾ ਤੇ ਕੁੜੀ ਸਾਂਝੇ ਫਾਰਮ ਵਿਚ ਕੰਮ ਕਰਦੇ ਸਨ । ਦੋਵੇਂ ਹੀ ਆਪਣੇ ਆਪਣੇ ਖੇਤਰ ਵਿਚ ਚੋਟੀ ਦੇ ਸਿਆਣੇ । ਕੁਦਰਤੀ ਹੀ ਦੋਵੇਂ ਸੁਭਾਅ ਵਲੋਂ ਵੀ ਚੁਪ ਕੀਤੇ ਜਿਹੇ ਸਨ । ਇਸ ਲਈ ਇਹਨਾਂ ਦੇ ਅੰਦਰ ਰਿਝਦੀਆਂ ਛੋਟੀ ਕੀਤਿਆਂ ਸਤਹ ਤੇ ਨਹੀਂ ਸਨ ਆਉਂਦੀਆਂ । ਦੋਹਾਂ ਦੇ ਮਨਾਂ ਵਿਚ ਬਾਰ ਬਾਰ ਆਉਂਦਾ : ਜੇ ਦੋਵੇਂ ਜਣੇ ਵਿਆਹ ਕਰਵਾ ਲਈਏ ਤਾਂ ਕਿਡੇ ਇਕਸੁਰ ਰਹੀਏ ।

ਵਧੀਆ ਗੱਲ ਇਹ ਸੀ ਕਿ ਇਹਨਾਂ ਦੇ ਅੰਦਰਲੇ ਰੋਮਾਂਸ ਦਾ ਪਤਾ ਅਜੇ ਬਾਹਰ ਕਿਸੇ ਨੂੰ ਨਹੀਂ ਸੀ। ਰੋਜ਼ ਵੇਲੇ ਕੁਵੇਲੇ ਇਕ ਦੂਜੇ ਨੂੰ ਵੇਖਦੇ । ਨਾ ਸ਼ਰਾਰਤਾਂ ਮਚਲਦੀਆਂ ਨਾ ਮੁਸਕਾਨਾਂ ਜਵਾਬ ਦੇਂਦੀਆਂ ਲੈਂਦੀਆਂ । ਪਰ ਦੁਹਾਂ ਦੇ ਅੰਦਰ ਇਸ ਗੱਲ ਨੂੰ ਪਰਵਾਨ ਕਰਦੇ ਕਿ ਉਨ੍ਹਾਂ ਦੀ ਪਰਸਪਰ ਸਾਂਝ ਵਿਕਾਸ ਕਰ ਰਹੀ ਤੇ ਸ਼ਾਦੀ-ਆਬਾਦੀ ਵੱਲ ਵਧ ਰਹੀ ਹੈ ।

ਨੌਜਵਾਨ ਕੋਲੋਂ, ਇਕ, ਦਿਨ, ਰਿਹਾ ਨ ਗਿਆ । ਉਹ ਰੋਜ਼ ਰੋਜ਼ ਦੀ ਅੰਦਰਲੀ ਘਮਸਾਣ ਨੂੰ ਮੁਕਾਣਾ ਚਾਹੁੰਦਾ ਸੀ । ਛੁੱਟੀ ਵੇਲੇ ਜਦੋਂ ਉਹ ਆਪਣੇ ਆਪਣੇ ਘਰ ਦਾ ਰਸਤਾ ਮਾਪਣ ਨੂੰ ਤਿਆਰ ਸਨ, ਇਕਾਂਤ ਵੇਖ ਕੇ, ਮੁੰਡੇ ਨੇ ਆਖਿਆ : ਨੀਨਾ, ਇੰਜ ਲਗਦਾ ਹੈ ਜਿਵੇਂ ਤੇਰੇ ਮੇਰੇ ਅੰਦਰ ਕੁਝ ਗਲਾਂ ਹੁੰਦੀਆਂ ਰਹਿੰਦੀਆਂ ਹਨ, ਮੈਂ ਚਾਹੁੰਦਾ ਹਾਂ ਕਦੀ ਵਕਤ ਕੱਢੇਂ ਤਾਂ ਦਿਲ ਦੀਆਂ ਕਰ ਲਈਏ ।

ਕੁੜੀ ਨੇ 'ਠੀਕ' ਆਖਿਆ, ਜਿਵੇਂ ਉਹ ਵੀ ਇਹ ਘੜੀ ਉਡੀਕ ਰਹੀ ਸੀ ।

—ਕਦੋਂ ਫਿਰ ?

—ਕੱਲ੍ਹ ਏਸੇ ਵੇਲੇ, ਕੱਠੇ ਹੀ ਨੀਲੇ ਜੰਗਲ ਵਲ ਚਲ ਪਵਾਂਗੇ ।

ਅਤੇ ਨੀਲੇ ਜੰਗਲ ਨੂੰ ਤੁਰੇ-ਤੁਰੇ ਜਾਂਦਿਆਂ ਬਹੁਤ ਸਾਰੀਆਂ ਗੱਲਾਂ ਹੋ ਗਈਆਂ ।

ਰਾਹ ਵਿਚ ਇਕ ਨਦੀ ਪੈਂਦੀ ਸੀ ।

ਉਸ ਨੂੰ ਪਾਰ, ਵਿਚਦੀ ਲੰਘ ਕੇ ਹੀ, ਕਰਨਾ ਪੈਣਾ ਸੀ । ਤਦੇ ਖਬਰ ਜੁ ਇਕ ਬਾਲੜਾ ਸਿਰ ਤੇ ਕੁਝ ਲਕੜਾਂ ਚੁੱਕੀ ਆਉਂਦੀ ਕਾਹਲੇ ਕਦਮੀਂ ਏਨ੍ਹਾਂ ਪਾਸ ਆ ਕੇ ਰੁਕੀ : ਪਾਰ ਜਾਣਾ ਜੇ ?

—ਹਾਂ ।

—ਤਾਂ ਜ਼ਰਾ ਠਹਿਰੋ, ਇਸ ਪਾਣੀ ਵਿਚ ਕਿਤੇ ਕਿਤੇ ਬਹੁਤ ਡੂੰਘ ਹੈ । ਮੈਂ ਭੱਜਕੇ ਬਾਲਣ ਘਰ ਛਡ ਆਵਾਂ, ਮੈਨੂੰ ਛੇ ਮਿੰਟ ਨਹੀਂ ਲਗਣੇ । ਏਥੇ ਨਾਲ ਹੀ ਘਰ ਹੈ ।

ਵਿਆਹ-ਪ੍ਰਸਤਾਵ ਰਖਣ ਦੇ ਚਾਹਵਾਣ ਮੁੰਡੇ ਤੋਂ ਚਾਰ ਮਿੰਟ ਵੀ ਨਾ ਉਡੀਕੇ ਗਏ : ਕਿੱਥੇ ਵਖਤ ਪਾ ਗਈ ਏ ਉਡੀਕ ਦਾ । ਹੁਣ ਨੂੰ ਅਸਾਂ ਲੰਘ ਵੀ ਜਾਣਾ ਸੀ । ਭਲਾ ਸਾਥੋਂ ਕਿਤੇ ਉਹ ਵੱਡੀ ਹੈ ?

—ਸ਼ਾਸ਼ਾ, ਅਸਲ ਵਿਚ ਅੱਜ ਤੇਰੀਆਂ ਸਾਰੀਆਂ ਗੱਲਾਂ ਸੁਣਦਿਆਂ ਮੈਨੂੰ ਇੰਜ ਲਗਦਾ ਰਿਹਾ ਏ ਜਿਵੇਂ ਉਨ੍ਹਾਂ ਦਾ ਮੁਹਾਣ ਇਕੋ ਪਾਸੇ ਹੈ । ਉਸ ਵਿਚ ਨਾ ਤੂੰ ਆਪਣੀ ਮਾਂ ਨੂੰ ਬਖਸ਼ਿਆ ਨਾ ਬਾਪ ਨੂੰ, ਨਾ ਭੈਣ ਨੂੰ ਤੇ ਨਾ ਭਰਾ ਨੂੰ । ਭਲਾ ਇਸ ਓਪਰੀ ਕੁੜੀ ਨੂੰ ਕਿਵੇਂ ਖਿਮਾ ਕਰਦੋਂ । ਮੈਨੂੰ ਮੁਨਾਸਬ ਲਫ਼ਜ਼ ਨਹੀਂ ਸੀ ਲਭਦਾ ਪਿਆ ਜੋ ਤੇਰੇ ਸਾਰੇ ਚਰਿਤਰ ਨਾਲ ਢੁਕਦਾ ਹੋਵੇ । ਹੁਣ ਜਾ ਕੇ ਲੱਭਾ ਏ ।

—ਕੀ ?

—ਨਸ਼ੁਕਰਾ । ਆ, ਵਾਪਸ ਚਲੀਏ । ਹੁਣ ਅਗੇ ਜਾਣ ਦੀ ਲੋੜ ਨਹੀਂ । ●



Namdhari Elibrary NamdhariElibrary@gmail.com

# ਨਗੱਲਾ

ਇਕ ਦਿਉਰ ਭਰਜਾਈ ਸਨ। ਭਰਜਾਈ ਆਦਤਾਂ ਵਲੋਂ ਵੀ ਤੇ ਸਰੀਰ ਵਲੋਂ ਵੀ ਲੁਭਾਵਨੀ ਸੀ। ਦਿਉਰ ਨੇ ਪਹਿਲੇ ਦਿਨੋਂ ਹੀ ਉਸ ਤੇ ਡੋਰੇ ਪਾਉਣੇ ਸ਼ੁਰੂ ਕੀਤੇ। ਭਰਜਾਈ ਦਿਉਰ ਦੀ ਸੇਵਾ ਤੇ ਦਿਲ ਰਖਣੀ ਤਾਂ ਕਰਦੀ ਰਹੀ, ਪਰ ਉਸਦੀ ਕਦੇ ਸਰੀਰਕ ਪਿਆਸ ਨ ਬੁਝਾਈ। ਕਹਿੰਦੀ : ਮੈਂ ਤੇਰਾ ਮਾਣ ਤਾਣ ਕਰਦੀ ਹਾਂ, ਤੇਰੇ ਖਾਣ ਪੀਣ ਦੀਆਂ ਲੋੜਾਂ ਦਾ ਵੀ ਖਿਆਲ ਰਖਦੀ ਹਾਂ ਪਰ ਤੇਰੇ ਪਿੰਡੇ ਦੀ ਲੋੜ ਨਹੀਂ ਪੂਰ ਸਕਦੀ—ਏਥੇ ਜਾਕੇ ਤੇਰੇ ਵੀਰ ਦਾ ਅਧਿਕਾਰ ਹੈ।

ਦਿਉਰ ਤੜਿੰਗ ਰਹਿਣ ਲਗਾ। ਪਰੇਸ਼ਾਨ ਕਰਨ ਲਗਾ। ਤੇ ਆਪ ਵੀ ਅਸ਼ਾਂਤ ਹੋ ਗਿਆ। ਉਸਨੇ ਸਮਝ ਲਿਆ ਕਿ ਭਰਜਾਈ ਗਲਤ ਸੀ। ਉਸਨੂੰ ਉਸਦਾ 'ਨਿਰਾਦਰ' ਨਹੀਂ ਸੀ ਕਰਨਾ ਚਾਹੀਦਾ। ਸਮਾ ਬੀਤਦਾ ਗਿਆ।

ਅਤੇ ਹੌਲੀ ਹੌਲੀ ਦਿਉਰ ਕੁਸੰਗਤ ਦਾ ਸ਼ਿਕਾਰ ਹੋ ਗਿਆ। ਅਫ਼ੀਮ, ਡੋਡੇ, ਸ਼ਰਾਬ ਉਹਦੀ ਨਿਤ ਵਰਤੋਂ ਦਾ ਭਾਗ ਬਣ ਗਏ। ਚਾਰ ਯਾਰੀ ਵੀ ਉਹਨਾਂ ਲੋਕਾਂ ਦੀ ਹੋ ਗਈ ਜਿਨ੍ਹਾਂ ਦੀ ਮਿਲਣੀ ਮਾਂ-ਭੈਣ ਦੀ ਗਾਲੀ ਗਲੋਚ ਤੋਂ ਸ਼ੁਰੂ ਹੁੰਦੀ ਹੈ। ਚਿੜਿਆ ਹੋਇਆ ਦਿਉਰ ਆਪਣੀ ਕਾਇਆਂ ਅਤੇ ਜਵਾਨੀ ਦਾ ਦੁਸ਼ਮਨ ਬਣ ਗਿਆ।

ਕਾਰਨ ਬਣਨਾ ਸੀ, ਇਕ ਦਿਨ ਅਜਿਹੀ ਦਰਦ ਉਠੀ ਕਿ ਦਿਉਰ ਦਾ ਵੱਡਾ ਭਾਈ ਜਹਾਨੋਂ ਚਲਾ ਗਿਆ। ਭਰਜਾਈ ਸਿਰੋਂ ਨੰਗੀ ਹੋ ਗਈ।

ਸਮਾ ਪਾ ਕੇ ਭਰਜਾਈ ਦਿਉਰ ਵਲ ਤਾਂਘ ਭਰੀਆਂ ਅੱਖਾਂ ਨਾਲ ਵੇਖਣ ਲਗੀ। ਆਨੀਂ ਬਹਾਨੀਂ ਉਸਨੂੰ ਕੁਆਣ-ਬੁਲਾਣ ਲਗੀ, ਪਰ ਦਿਉਰ ਸੀ ਕਿ ਲੋਹੇ ਦਾ ਬਣ ਬਣ ਗਿਆ।

ਹਾਰਕੇ ਇਕ ਦਿਨ ਉਸ ਦਿਉਰ ਦਾ ਹੱਥ ਫੜ ਕੇ ਬਿਠਾ ਲਿਆ। ਸੜੇ-ਬਲੇ ਦਿਉਰ ਨੇ ਆਖਿਆ : ਦੱਸ, ਕੀ ਕਹਿਨੀਂ ਐਂ। ਭਰਜਾਈ ਨੇ ਸਮਝਾਇਆ : ਮੈਂ ਤੇਰੇ ਨਾਲ ਕਦੇ ਵੀ ਨਾਜਾਇਜ਼ ਜਾਂ ਧੱਕਾ ਨਹੀਂ ਕੀਤਾ। ਓਦੋਂ ਮੇਰੀ ਵਫ਼ਾ ਤੇਰੇ ਭਰਾ ਨਾਲ ਸੀ। ਉਹ ਤੁਰ ਗਿਐ ਤਾਂ ਤੇਰੇ ਜਤਨ ਮੇਰੇ ਅਦਰ ਜਾਗ ਪਏ ਹਨ। ਹੁਣ ਤੂੰ ਸਮਝਦਿਆਂ ਹੋਇਆਂ ਵੀ ਮੇਰੀਆਂ ਰਮਜ਼ਾਂ ਤੋਂ ਅੱਖਾਂ ਮੀਟ ਰੱਖੀਆਂ ਹਨ। ਆ ਆਪਾਂ ਹੁਣ ਅਗਲਾ ਸਫਰ ਇਕਠਿਆਂ ਕਰੀਏ।

ਦਿਉਰ ਆਪਣੇ ਔਗੁਣ ਗਿਣਨ ਲਗਾ : ਮੈਂ ਅਵਾਰਾ ਹਾਂ।

—ਪਰਵਾਨ ਹੈ।

—ਸ਼ਰਾਬ ਪੀਂਦਾ, ਅਫ਼ੀਮ ਖਾਂਦਾ ਹਾਂ।

—ਮਨਜ਼ੂਰ ਹੈ।

—ਦੁਰਾਚਾਰੀ ਹਾਂ। ਝੂਠਾ ਹਾਂ।

— ਇਹ ਵੀ ਮੰਨ ਲਿਆ।

—ਗੁਨਾਹਕਾਰ ਹਾਂ।

—ਕੋਈ ਹਰਜ ਨਹੀਂ।

—ਤੂੰ ਹਰ ਗੱਲ ਮੰਨੀ ਜਾਂਦੀ ਹੈ। ਪਰ ਮੇਰੇ ਵਿਚ ਇਕ ਹੋਰ ਭੇੜ ਵੀ ਹੈ ?

—ਉਹ ਵੀ ਦੱਸ ?

—ਮੈਂ ਨਗੱਲਾ ਹਾਂ।

ਅਤੇ ਇਹ ਸੁਣਕੇ ਭਰਜਾਈ ਨੇ ਟੁੱਟੇ ਹੋਏ ਦਿਲ ਨਾਲ ਆਖਿਆ : ਤਾਂ ਫਿਰ ਤੇਰੀ ਮੇਰੀ ਗੱਲ ਕੋਈ ਨਹੀਂ।



Namdhari Elibrary NamdhariElibrary@gmail.com

ਮਸਕਾਨ ਵਿਅੰਗ ਲੇਖ :

# ਮੇਰਾ ਨਵਾਂ ਮਕਾਨ

—ਪ੍ਰੋ : ਬਲਬੀਰ ਸਿੰਘ

ਹਰੇਕ ਚੀਜ਼ ਨਾਸਵਾਨ ਹੈ। ਦੁਨੀਆਂ ਤੇ ਜੋ ਕੁਝ ਵੀ ਘੜਿਆ ਗਿਆ, ਉਹ ਜ਼ਰੂਰ ਇਕ ਨਾਂ ਇਕ ਦਿਨ ਭਜਣਾ ਹੈ। ਜਦ ਮਾਲਕ ਸਾਹਮਣੇ ਉਸਦੀ ਕੋਈ ਚੀਜ਼ ਟੁਟਦੀ ਹੈ ਤਾਂ ਮਾਲਕ ਨੂੰ ਅਤਹਿ ਅਫਸੋਸ ਹੁੰਦਾ ਹੈ। ਇਸ ਅਫਸੋਸ ਦਾ ਅਨੁਮਾਨ ਕੇਵਲ ਘੜਣ ਹਾਰ ਹੀ ਲਾ ਸਕਦਾ ਹੈ, ਕੋਈ ਦੂਸਰਾ ਨਹੀਂ। ਜਦ ਮੇਰਾ ਮਕਾਨ ਮੇਰੀਆਂ ਅਖਾਂ ਸਾਹਮਣੇ ਢਹਿ ਢੇਰੀ ਹੋਵੇਗਾ ਤਾਂ ਮੇਰੀ ਆਤਮਾ ਸੜੇਗੀ! ਸੋ ਮੈਂ ਫੈਸਲਾ ਕਰ ਲਿਆ ਹੈ ਕਿ ਮੈਂ ਮਕਾਨ ਬਣਾਵਾਂਗਾ ਹੀ ਨਹੀਂ ਤੇ ਜੀਵਨ ਦੇ ਚਾਰ ਦਿਹਾੜੇ ਕਿਰਾਏ ਦੇ ਮਕਾਨ ਵਿਚ ਕੱਟ ਲਾਂਗਾ ਤੇ ਹਰ ਦਮ ਪਰਮੇਸ਼ਵਰ ਦਾ ਸ਼ੁਕਰ ਕਰਾਂਗਾ ਕਿ ਮੈਨੂੰ ਅਪਣੇ ਮਕਾਨ ਦੇ ਨਾਸ ਹੋਣ ਦੇ ਦੁਖੋਂ ਤਾਂ ਬਚਾਇਆ ਹੋਇਆ ਸੂ ਨਾਂ। ਮੇਰੀ ਆਤਮਾ ਨੂੰ ਹਥ ਦੇ ਕੇ ਸੜਣ ਤੋਂ ਤਾਂ ਬਚਾਇਆ ਸੂ ਨਾ!

ਦਰਅਸਲ ਕਿਰਾਏ ਦੇ ਮਕਾਨ ਵਿਚ ਰਹਿਣ ਦੇ ਬੜੇ ਫਾਇਦੇ ਨੇ। ਇਕ ਕਿਰਾਏ ਦਾ ਮਕਾਨ ਪਸੰਦ ਨਾ ਆਇਆ ਤਾਂ ਝਟ ਬਦਲ ਲਿਆ! ਇਕ ਮਾਲਕ ਮਕਾਨ ਦੀ ਬੂਥੀ ਚੰਗੀ ਨਾਂ ਲੱਗੀ, ਦੂਜੀ ਬੂਥੀ ਵਾਲਾ ਮਾਲਕ ਮਕਾਨ ਲਭ ਲਿਆ! ਨਾਲੇ ਉਹ ਆਖਦੇ ਨੇ ਨਾਂ ਕਿ ਤਬਦੀਲੀ ਜੀਵਨ ਦਾ ਇਕ ਅੰਗ ਹੈ। ਜੇ ਕਰ ਕੋਈ ਸਦਾ ਇਕੋ ਮਕਾਨ ਵਿਚ ਬੈਠਾ ਰਹੇ ਤਾਂ ਫਿਰ ਤਬਦੀਲੀ ਕਿਵੇਂ ਹੋਵੇ। ਮੇਰੇ ਇਕ ਮਿੱਤਰ ਲੇਫਟੀਨੈਂਟ ਕਰਨਲ ਰੀਟਾਇਰ ਹੋਏ ਹਨ। ਉਹਨਾਂ ਨੇ ਬੜੀ ਰੀਝ ਨਾਲ ਇਕ ਸੁਦੰਰ ਕੋਠੀ ਬਣਾਈ ਹੈ। ਪਰ ਨਾਲ ਦੀ ਤੇ 'ਹਾਏ ਮਰ ਗਿਆ', 'ਥਾਣੇਦਾਰ ਜੀ, ਇਦੂੰ ਅਗੇ ਨਹੀਂ ਕਰਦਾ' ਦੀਆਂ ਨਿਰੰਤਰ ਅਵਾਜ਼ਾਂ ਆਂਉਦੀਆਂ ਰਹਿੰਦੀਆਂ ਹਨ। ਉਹਨਾਂ ਦੀ ਪਿਛਲੀ ਕੋਠੀ ਵਿਚ ਕਿਸੇ ਸਜਨ ਪੁਰਸ਼ ਨੇ ਡੇਅਰੀ ਖੋਹਲ ਰਖੀ ਹੈ, ਜਿਥੋਂ ਮੱਖੀਆਂ ਉਡ ਉਡ ਕੇ ਕਰਨਲ ਸਾਹਬ ਦੇ ਘਰ ਆਉਂਦੀਆਂ ਰਹਿੰਦੀਆਂ ਹਨ। ਜਿਥੋਂ ਤਾਜ਼ੇ ਸੁਕੇ ਹੋਏ ਗੋਹੇ ਦੀ ਭਿਨੀ ਭਿਨੀ ਖੁਸ਼ਬੂ ਕਰਨਲ ਸਾਹਬ ਦੀਆਂ ਨਾਸਾਂ ਨੂੰ ਪ੍ਰਫੁਲਤ ਕਰੀ ਰਖਦੀ ਹੈ। ਉਹਨਾਂ ਦੇ ਸਾਹਮਣੇ ਘਰ ਜਾਂ ਕੋਠੀ ਵਿਚ ਥਾਣਾ ਹੈ। ਵੰਨ ਸੁਵੰਨੀਆਂ ਕਾਰਾਂ ਉਥੇ ਆਉਂਦੀਆਂ ਰਹਿੰਦੀਆਂ ਹਨ। ਵੰਨ ਸੁਵਨੀਆਂ ਯੁਵਤੀਆਂ ਕੋਈ ਹਿੱਪੀ ਫੈਸ਼ਨ ਵਿਚ, ਕੋਈ ਬੈਲ ਬਾਟਮ ਵਿਚ ਅੱਡ ਅੱਡ ਕਪੜੇ ਪਾਈ ਅੱਡ ਅੱਡ ਫੈਸ਼ਨ ਕਰਕੇ ਨਚਦੀਆਂ ਟਪਦੀਆਂ ਰਹਿੰਦੀਆਂ ਹਨ। ਜੇ ਕਰ ਇਕ ਹੁਣ ਜਵਾਨ ਮਰਦ ਨਾਲ ਫਿਰ ਰਹੀ ਹੈ, ਤਾਂ ਦੂਜੇ ਪਲ ਉਹ ਕਿਸੇ ਅਧਖੜ ਨਾਲ ਚਾਹ ਪੀ ਰਹੀ ਹੈ। ਕਰਨਲ ਸਾਹਬ ਆਏ ਦਿਨ ਇਹ ਤਮਾਸ਼ੇ ਵੇਖਦੇ ਰਹਿੰਦੇ ਹਨ। ਉਹਨਾਂ ਦੀ ਕੋਠੀ ਦੇ ਇਕ ਪਾਸੇ ਸ਼ਰਾਬ ਦਾ ਠੇਕਾ ਹੈ, ਮੀਟ ਦੀ ਦੁਕਾਨ ਹੈ। ਕਰਨਲ ਸਾਹਿਬ ਕਈ ਵਾਰੀ ਹਉਕੇ ਤੇ ਹਉਕਾ ਲੈਂਦੇ ਹਨ ਤੇ ਆਖਦੇ ਹਨ, "ਪ੍ਰੋਫੈਸਰ ਸਾਹਬ ਮੇਰਾ ਜੀਵਨ ਭੰਗ ਦੇ ਭਾੜੇ ਰੁੜ੍ਹਦਾ ਜਾ ਰਿਹਾ ਹੈ, ਇਹਨੀ ਸ਼ਾਨਦਾਰ ਕੋਠੀ ਛੱਡ ਕੇ ਮੈਂ ਕਿਥੇ ਜਾਂਵਾਂ। ਜੇਕਰ ਵੇਚਾਂ ਤਾਂ ਮੁਲ ਕੁਝ ਨਹੀਂ ਵਟੀਣਾ, ਹੁਣ ਤੇ ਇਥੋਂ ਹੀ ਆਖਰੀ ਯਾਤਰਾ ਚੱਲੇਗੀ।" ਇਕ ਕਿਰਾਏਦਾਰ ਨੂੰ ਕਰਨਲ ਸਾਹਬ ਵਾਲੀ ਤਕਲੀਫ ਕਦੇ ਨਹੀਂ ਹੋ ਸਕਦੀ। ਝਟ ਉਹ ਮਕਾਨ ਛਡ ਕੇ ਹੋਰ ਲੈ ਲਏਗਾ। ਹਾਂ, ਮਕਾਨ ਬਦਲਣ ਲਗਿਆਂ ਚੀਜ਼ਾਂ ਦੀ ਟੁਟ ਭੱਜ ਜ਼ਰੂਰ ਹੁੰਦੀ ਹੈ ਤੇ ਸਾਮਾਨ ਇਧਰੋਂ ਉਧਰ ਲਿਜਾਣ ਵਾਸਤੇ ਗੱਡੇ ਆਦਿ ਤੇ ਵੀ ਪੈਸਾ ਖਰਚ ਹੁੰਦਾ ਹੈ। ਪਰ ਮੈਂ ਨਿਵੇਦਨ ਕਰਦਾ ਹਾਂ ਕਿ ਮਾਇਆ ਹੱਥ ਵਟਾਂਦੀ ਰਹਿੰਦੀ ਹੈ। ਕਿਰਾਏਦਾਰ ਆਪਣਾ ਸਾਮਾਨ ਇਧਰੋਂ ਉਧਰ ਨਾ ਕਰਨਗੇ ਤਾਂ ਗੱਡੇ ਵਾਲੇ ਕਿਥੋਂ ਖਾਣਗੇ। ਉਹਨਾਂ ਦੀ ਰੋਜ਼ੀ ਤਾਂ ਫੇਰ ਬੰਦ ਹੀ ਹੋ ਜਾਏਗੀ। ਜੇਕਰ ਪੁਰਾਣੀਆਂ ਚੀਜ਼ਾਂ ਟੁਟੱਣ ਨਾਂ ਤਾਂ ਨਵੀਆਂ ਕੌਣ ਲਵੇ, ਤਾਂ ਤੇ ਦੇਸ਼ ਦਾ ਵਪਾਰ ਹੀ ਬੰਦ ਹੋ ਜਾਏਗਾ। ਤਬਦੀਲੀ ਜੀਵਨ ਦਾ ਅੰਗ ਹੈ ਤੇ ਸਮਾਜ ਕਲਿਆਨ ਲਈ ਜ਼ਰੂਰੀ ਹੈ ਕਿ ਪੁਰਾਣੀਆਂ ਚੀਜ਼ਾਂ ਟੁਟੱਣ ਤੇ ਨਵੀਆਂ ਖਰੀਦੀਆਂ ਜਾਣ, ਸੋ ਕਿਰਾਏਦਾਰ ਲਈ ਇਸ ਪਖੋਂ ਮਕਾਨ ਨੂੰ ਚੰਬੜੇ ਰਹਿਣਾ ਸਮਾਜ ਕਲਿਆਨ ਹਿੱਤ ਨਹੀਂ। ਤਾਂ ਤੇ ਜ਼ਰੂਰੀ ਹੈ ਕਿ



Namdhari Elibrary NamdhariElibrary@gmail.com

ਮਕਾਨ ਤਬਦੀਲ ਕੀਤੇ ਜਾਣ ਤੇ ਆਪਣਾ ਮਕਾਨ ਨਾਂ ਹੀ ਬਣਾਇਆ ਜਾਵੇ। ਇਕ ਮਕਾਨ ਵਿਚ ਰਹਿ ਕੇ ਆਦਮੀ ਬੋਰ ਹੋ ਜਾਂਦੇ। ਇਕ ਪਾਸੇ ਪਈ ਰੋਟੀ ਵੀ ਸੜ ਜਾਂਦੀ ਹੈ।

ਮੈਂ ਪਹਿਲਾਂ ਹੋਰ ਸ਼ਹਿਰ ਰਹਿੰਦਾ ਸਾਂ, ਉਥੇ ਮੇਰੇ ਕੋਲ ਸਰਕਾਰੀ ਮਕਾਨ ਸੀ। ਪੰਜ ਛੇ ਕਮਰੇ ਸਨ, ਸੋਲਾਂ ਸਤਾਰਾਂ ਰੁਪੈ ਸਾਰਾ ਕਿਰਾਇਆ ਸੀ। ਪਰ ਜਦ ਮੇਰੀ ਤਬਦੀਲੀ ਹੋਈ ਤਾਂ ਮੈਨੂੰ ਨਵੇਂ ਸ਼ਹਿਰ ਜਾਣਾ ਪਿਆ। ਉਥੇ ਸਰਕਾਰੀ ਕਵਾਰਟਰ ਹੈ ਨਹੀਂ ਸੀ। ਕਿਰਾਏ ਦਾ ਮਕਾਨ ਲਿਆ। ਮਾਲਕ ਮਕਾਨ ਚਾਹ ਦਾ ਖੋਖਾ ਕਰਦਾ ਸੀ। ਸਾਰਾ ਦਿਨ ਲੋਕਾਂ ਦੀ ਜੂਠ ਧੋਂਦਾ ਸੀ। ਆਪੇ ਹੀ ਚਾਹ ਬਣਾਂਦਾ ਸੀ ਤੇ ਆਪੇ ਹੀ ਪਿਆਲੀਆਂ ਧੋਂਦਾ ਸੀ। ਉਸ ਮਕਾਨ ਦਾ ਦੋ ਸੋ ਮੰਗਿਆ। ਦੇਣਾ ਪਿਆ। ਉਹ ਵੀ ਵਿਚ ਹੀ ਰਹਿੰਦਾ ਸੀ। ਉਸ ਕੋਲ ਚਾਰ ਕਮਰੇ ਤੇ ਇਕ ਗੁਸਲਖਾਨਾ ਸੀ, ਮੇਰੇ ਹਿੱਸੇ ਇਕ ਕਮਰਾ ਤੇ ਗੁਸਲਖਾਨਾ ਸਨ। ਵੱਡਾ ਨਲਕਾ ਉਸ ਦੇ ਹਿੱਸੇ ਵਿਚ ਸੀ ਤੇ ਇਕ ਛੋਟੀ ਜਹੀ ਟੂਟੀ, ਜੋ ਵਿਧਵਾ ਦੇ ਅਥਰੂਆਂ ਵਾਂਗ ਸਦਾ ਵਗਦੀ ਰਹਿੰਦੀ ਸੀ, ਉਹ ਸਾਡੇ ਹਿਸੇ ਵਿਚ ਸੀ। ਜਦ ਚਾਹ ਵਾਲੇ ਖੋਖੇ ਦੇ ਮਾਲਕ ਦੀ ਔਰਤ ਦੀ ਮਰਜ਼ੀ ਹੁੰਦੀ ਉਹ ਆਪਣ ਨਲਕਾ ਪੂਰਾ ਖੋਹਲ ਕੇ ਹੇਠਾਂ ਟਬ ਲਾ ਦੇਂਦੀ। ਜਦ ਇੰਞ ਹੁੰਦਾ ਤਾਂ ਵਿਧਵਾ ਦੇ ਅਥਰੂ ਬੰਦ ਹੋ ਜਾਂਦੇ, ਜਿਵੇਂ ਕਿਸੇ ਵਿਧਵਾ ਦੀ ਸੰਘੀ ਘੁਟ ਦਿਤੀ ਹੋਵੇ। ਫਿਰ ਸਾਡੇ ਘਰ ਦੇ ਸਾਰੇ ਜੀਅ ਆਪਣੇ ਆਪਣੇ ਕੋਲ ਗਿਲਾਸ ਫੜ ਕੇ ਮਾਲਕ ਦੇ ਨਲਕੇ ਤੇ ਜਾ ਇਕੱਠੇ ਹੁੰਦੇ। ਜੇ ਕਰ ਉਸ ਜਨਾਨੀ ਦੀ ਮੌਜ ਹੁੰਦੀ ਤਾਂ ਸਾਡੇ ਠੂਠੇ ਖੈਰ ਪੈਣ ਦੇਂਦੀ ਨਹੀਂ ਤੇ ਆਖ ਦੇਂਦੀ, "ਟਬ ਭਰੇਗਾ ਤਾਂ ਠੂਠੇ ਖੈਰ ਪਵੇਗੀ।" ਜੇ ਕਰ ਕੋਈ ਬੱਚਾ ਕਾਹਲ ਕਰਦਾ ਤੇ ਆਪਣਾ ਕੋਲ ਗਿਲਾਸ ਅਗੇ ਕਰਦਾ ਤਾਂ ਉਹ ਉਸਦੀ ਬਾਂਹ ਝਟਕ ਦੇਂਦੀ ਤੇ ਆਖਦੀ, "ਕਿਰਾਏਦਾਰ ਹੋ ਕੇ ਮਾਲਕ ਮਕਾਨ ਦੀ ਰੀਸ ਕਰਦੇ ਹੋ, ਪਰੇ ਹੋ ਕੇ ਖਲੋ ਜਾ।" ਬੱਚਾ ਸਹਿਮ ਕੇ ਕੰਧ ਨਾਲ ਜਾ ਲਗਦਾ ਜਿਵੇਂ ਉਹ ਪਲੇਗੀ ਚੂਹਾ ਹੋਵੇ।

ਇਸ ਮਕਾਨ ਵਿਚ ਵਿਹੜਾ ਕੋਈ ਨਹੀਂ ਸੀ। ਅਧੀ ਮੰਜੀ ਜਿੰਨਾ ਥਾਂ ਬਾਹਰ ਵਾਰ ਹੈ ਸੀ ਤੇ ਉਸ ਪਿਛੇ ਉੱਚਾ ਬਰਾਂਡਾ ਸੀ। ਜੇਕਰ ਮੰਜੀ ਡਾਹੀਏ ਤਾਂ ਉਸਦਾ ਇਕ ਸਿਰਾ ਬਰਾਂਡੇ ਵਿਚ ਹੁੰਦਾ ਸੀ ਤੇ ਇਕ ਸਿਰਾ ਬਾਹਰਵਾਰ। ਜੇਕਰ ਸਿਰ ਉੱਚਾ ਕਰੀਏ ਤਾਂ ਲਤਾਂ ਨੀਵੀਆਂ ਹੋ ਜਾਂਦੀਆਂ ਸਨ, ਜੇ ਕਰ ਲੱਤਾਂ ਉਚੀਆਂ ਕਰੀਆਂ ਤਾਂ ਸੀਸ ਆਸਨ ਕਰਨ ਦਾ ਆਨੰਦ ਆ ਜਾਂਦਾ ਸੀ। ਇਹਨਾਂ ਸਮਝਿਆ ਕਿ ਮੈਂ ਸ਼ਿਕਾਇਤ ਪਿਆ ਕਰਦਾਂ, ਸ਼ਿਕਾਇਤ ਕੌਣ ਕੰਮਬਖਤ ਕਰਦਾ ਹੈ, ਮੈਂ ਤਾਂ ਪ੍ਰਭੂ ਦਾ ਸ਼ੁਕਰ ਕਰਦਾ ਸਾਂ ਦਮ ਦਮ ਕਿ ਉਸਨੇ ਸਾਨੂੰ ਸਿਰ ਲੁਕਾਣ ਲਈ ਥਾਂ ਦਿਤਾ ਹੋਇਆਂ ਸੀ ਦੋ ਸੌ ਰੁਪੈ ਮਹੀਨੇ ਤੇ।

ਇਕ ਦਿਨ ਪ੍ਰਾਹੁਣੇ ਆਏ ਸਨ। ਅਸਾਂ ਉਹਨਾਂ ਲਈ ਪਨੀਰ ਬਾਦਾਮਾਂ ਦਾ ਪੁਲਾਅ, ਕਸਟਰਡ, ਆਲੂਆਂ ਦਾ ਰੈਤਾ ਬਣਾਇਆ। ਮੈਂ ਤਾਂ ਮਹਿਮਾਨਾਂ ਨੂੰ ਲੈ ਕੇ ਫਿਰਨ ਤੁਰਨ ਚਲਾ ਗਿਆ ਤੇ ਘਰਦੀ ਸਭ ਕੁਝ ਬਣਾ ਸਵਾਰ ਕੇ ਗੁਸਲ-ਖਾਨੇ ਨਹਾਉਣ ਚਲੀ ਗਈ। ਜਦ ਮੁੜ ਕੇ ਆਈ ਤਾਂ ਸਾਡੀ ਰਸੋਈ ਵਿਚੋਂ ਮਾਲਕ ਮਕਾਨ ਔਰਤ ਇਕ ਥਾਲ ਚੁੱਕੀ ਨਿਕਲ ਰਹੀ ਸੀ ਤੇ ਮੁਸਕਰਾ ਕੇ ਬੋਲੀ, "ਕਾਕੇ ਨੇ ਛੇਤੀ ਜਾਣਾ ਸੀ ਤੇ ਰੋਟੀ ਬਣ ਨਹੀਂ ਸੀ ਸਕਦੀ ਸੋ ਮੈਂ ਇਕ ਬੰਦੇ ਲਈ ਰੋਟੀ ਥਾਲੀ ਵਿਚ ਪਾ ਲਈ ਹੈ।" ਮੇਰੀ ਘਰ ਦੀ ਮੂਰਖਾਂ ਵਾਂਗ ਉਸ ਵਲ ਅਵਾਕ ਝਾਕ ਰਹੀ ਸੀ। ਉਹ ਜਾਂਦੀ ਜਾਂਦੀ ਫੇਰ ਬੋਲੀ, "ਤੁਹਾਡਾ ਘਰ ਕੀ ਤੇ ਸਾਡਾ ਘਰ ਕੀ।"

ਜਦ ਸਾਡੀ ਉਸ ਸ਼ਹਿਰ ਵਿਚੋਂ ਤਬਦੀਲੀ ਹੋਈ ਤਾਂ ਅਸਾਂ ਸ਼ੁਕਰ ਕੀਤਾ। ਦੂਜੀ ਥਾਂ ਤੇ ਜਾ ਕੇ "ਘੜੀਆਂ ਵਾਲੀ ਕੋਠੀ" ਅਸਾਂ ਕਰਾਏ ਤੇ ਲਈ। ਇਸ ਕੋਠੀ ਦਾ ਮਾਲਕ ਘੜੀਆਂ ਦਾ ਵਪਾਰ ਕਰਦਾ ਸੀ ਤੇ ਕਸ਼ਮੀਰ ਹੀ ਰਹਿੰਦਾ ਸੀ। ਇਥੇ ਉਸਦਾ ਇਕ ਮੁਨਸ਼ੀ ਕੰਮ ਕਰਦਾ ਸੀ ਤੇ ਕੋਠੀ ਦੀ ਦੇਖ ਭਾਲ ਤੇ ਕਿਰਾਇਆ ਉਗਰਾਂਹਦਾ ਸੀ। ਉਹ ਰਹਿੰਦਾ ਤਾਂ ਕਿਸੇ ਹੋਰ ਥਾਂ ਸੀ। ਪਰ ਇਹ ਕੋਠੀ ਇਸ ਵੇਲੇ ਇਕ ਸਜਨ ਕੋਲ ਕਿਰਾਏ ਤੇ ਸੀ, ਉਹ ਵੀ ਘੜੀਆਂ ਦੀ ਦੁਕਾਨ ਕਰਦਾ ਸੀ। ਅਧੀ ਕੋਠੀ ਵਿਚ ਉਹ ਰਹਿੰਦਾ ਸੀ ਤੇ ਅਧੀ ਅਸਾਂ ਕਿਰਾਏ ਤੇ ਲੈ ਲਈ। ਉਹ ਸਜਨ ਕੋਈ ਪਚਵੰਜਾ ਸਾਲਾਂ ਦੇ ਸਨ, ਰੰਗ ਉਹਨਾਂ ਦਾ ਬੈਂਗਨੀ ਸੀ ਤੇ ਗੋਗੜ ਉਹਨਾਂ ਦੀ ਮੋਰੀਆਂ ਦੋਹਾਂ ਬਾਹਵਾਂ ਦੇ ਫੇਰ ਵਿਚੋ ਨਿਕਲ ਨਿਕਲ ਜਾਂਦੀ ਸੀ। ਉਹਨਾਂ ਦੇ ਦੱਸ ਬੱਚੇ ਸਨ, ਛੇ ਕੁੜੀਆਂ ਤੇ ਚਾਰ ਮੁੰਡੇ। ਕੁੜੀਆਂ ਵੱਡੀਆਂ ਸਨ ਤੇ ਮੁੰਡੇ



Namdhari Elibrary NamdhariElibrary@gmail.com

ਛੋਟੇ। ਮੇਰੀ ਆਪਣੀ ਆਯੂ ਪੈਂਤੀ ਸਾਲਾਂ ਦੀ ਸੀ ਤੇ ਦੋ ਬੱਚੇ ਸਨ, ਇਕ ਮੁੰਡਾ ਤੇ ਇਕ ਕੁੜੀ। ਜਦ ਅਸਾਂ ਮਕਾਨ ਲਿਆ ਤਾਂ ਉਹ ਸਜਨ ਆਏ ਤੇ ਆਖਣ ਲੱਗੇ, ' ਮਿਲ ਜੁਲ ਕੇ ਰਹੀਏ, ਜਿਵੇਂ ਇਕ ਘਰ ਹੁੰਦੈ। ਜੀਵਨ ਦਾ ਆਨੰਦ ਆ ਜਾਵੇਗਾ।" ਮੈਂ ਹੂੰ ਹਾਂ ਕਰਕੇ ਚੁਪ ਕਰ ਰਿਹਾ।

ਉਹਨਾਂ ਨੇ ਟੀ. ਵੀ. ਲਵਾਇਆ ਹੋਇਆ ਸੀ। ਫਰਿਜ ਰਖਿਆ ਹੋਇਆ ਸੀ। ਸਾਡੇ ਮਕਾਨ ਲੈਣ ਦੇ ਕੁਝ ਤਿੰਨ ਚਾਰ ਦਿਨ ਪਿਛੋਂ ਪਤੀ ਪਤਨੀ ਫਰਿਜ ਵਾਲੀਆਂ ਦੋ ਬਰਫ ਦੀਆਂ ਟਰੇਆਂ ਫੜੀ ਸਾਡੇ ਘਰ ਆਏ ਤੇ ਹਸਦੇ ਹਸਦੇ ਬੋਲੇ, "ਅਸਾਂ ਆਖਿਆ ਗਰਮੀ ਦੀ ਬਹਾਰ ਹੈ। ਠੰਡੇ ਪਾਣੀ ਦੀ ਲੋੜ ਹੋਵੇਗੀ। ਇਹ ਬਰਫ ਵਰਤ ਲਉ ਤੇ ਇਦੂੰ ਅਗੇ ਜਦੋਂ ਲੋੜ ਹੋਵੇ ਫਰਿਜ ਵਿਚੋਂ ਟਰੇ ਲੈ ਲਿਆ ਕਰੋ। ਨਾਲੇ ਟੀ. ਵੀ. ਵੇਖਣ ਆਇਆ ਕਰੋ, ਤੁਹਾਡਾ ਘਰ ਕੀ ਤੇ ਸਾਡਾ ਘਰ ਕੀ।" ਅਸਾਂ ਉਹਨਾਂ ਦਾ ਧੰਨਵਾਦ ਕੀਤਾ ਤੇ ਅਗੋਂ ਤੋਂ ਬਜ਼ਾਰੋਂ ਬਰਫ ਲਿਆਉਂਣੀ ਬੰਦ ਕਰ ਦਿਤੀ ਤੇ ਟੀ. ਵੀ. ਵੇਖਣਾ ਸ਼ੁਰੂ ਕਰ ਦਿਤਾ। ਦਿਨ ਲੰਘਣ ਲਗੇ।

ਹਾਲਾਂ ਸਾਨੂੰ ਮਕਾਨ ਵਿਚ ਆਇਆਂ ਵੀਹ ਦਿਨ ਹੀ ਹੋਏ ਸਨ, ਜੋ ਉਹ ਸਜਨ ਇਕ ਦਿਨ ਹਸਦੇ ਹਸਦੇ ਬਿਜਲੀ ਦਾ ਬਿਲ ਫੜੀ ਲਿਆਦੇ ਤੇ ਆਖਣ ਲਗੇ, "ਪ੍ਰੋਫੈਸਰ ਸਾਹਬ, ਬਿਜਲੀ ਦਾ ਬਿਲ ਆਇਆ ਹੈ। ਇਕ ਸੌ ਅੜਤਾਲੀ ਰੁਪੈ।"

"ਤਾਂ ਦੇ ਦਿਉ ਨਾਂ ਫੇਰ।" ਮੈਂ ਸੰਖੇਪ ਜਿਹਾ ਉੱਤਰ ਦਿਤਾ।

"ਚੁਹਤੱਰ ਰੁਪੈ ਤੁਸੀਂ ਦਿਉਗੇ ਤੇ ਚੁਹਤੱਰ ਰੁਪੈ ਅਸੀਂ। ਬਿਜਲੀ ਦਾ ਬਿਲ ਅੱਧਾ ਅੱਧਾ ਹੋਵੇਗਾ।"

"ਪਰ ਮੈਂਨੂੰ ਤੇ ਹਾਲਾਂ ਵੀਹ ਦਿਨ ਹੋਏ ਨੇ ਆਇਆਂ.........।"

"ਕੀ ਹੋਇਆ ਫੇਰ, ਜਿਹੜਾ ਬਿਲ ਤੁਹਾਡੇ ਇਥੇ ਰਹਿੰਦਿਆਂ ਆਵੇਗਾ, ਉਹ ਤੁਸੀਂ ਹੀ ਅੱਧਾ ਦਿਉਗੇ ਨਾ।"

"ਮਹਾਰਾਜ ਨਾਂ ਤੇ ਮੈਂ ਟੀ. ਵੀ. ਲਵਾਇਆ ਹੋਇਐ ਤੇ ਨਾਂ ਹੀ ਫਰਿਜ ਰਖਿਆ ਹੋਇਐ।"

"ਕੀ ਹੋਇਆ ਫੇਰ ! ਟੀ. ਵੀ. ਜਿਸ ਤਰਾਂ ਅਸੀਂ ਵੇਖਦੇ ਹਾਂ, ਉਸੇ ਤਰ੍ਹਾਂ ਤੁਸੀਂ ਵੇਖਦੇ ਹੋ, ਫਰਿਜ ਦਾ ਜਿਸ ਤਰਾਂ ਅਸੀ ਠੰਡਾ ਪਾਣੀ ਪੀਂਦੇ ਹਾਂ, ਉਸੇ ਤਰਾਂ ਤੁਸੀਂ। ਤੁਹਾਡੇ ਤੇ ਸਾਡੇ ਵਿਚ ਕੋਈ ਫਰਕ ਤਾਂ ਨਹੀਂ। ਸਗੋਂ ਇਨ੍ਹਾਂ ਦੋਹਾਂ ਚੀਜ਼ਾਂ ਵਿਚ ਇਨਵੈਸਟਮੈਂਟ ਸਾਡੀ ਹੈ, ਨਾਲੇ ਟੀ. ਵੀ. ਵੇਖਣ ਵੇਲੇ ਅਸੀ ਤੁਹਾਨੂੰ ਸੋਫਾ ਸੈਟ ਤੇ ਕੁਰਸੀਆਂ ਮੁਫਤ ਸਪਲਾਈ ਕਰਦੇ ਹਾਂ। ਅਛਾ ਅੱਧਾ ਬਿਲ ਦਿਉ ਅਜ ਨਾ ਦਿਉਗੇ ਤਾਂ ਦਸ ਰੁਪੈ ਜੁਰਮਾਨਾ ਪੈ ਜਾਏਗਾ।"

ਮੇਰੀ ਜਾਨ ਕੁੜਕੀ ਵਿਚ ਫਸ ਗਈ। ਕੀ ਕਰਾਂ। ਸੋਚ ਕੇ ਆਖਿਆ, "ਅਪਣੇ ਕੋਲੋਂ ਦੇ ਦਿਉ। ਮੈਂ ਬੈਂਕ ਵਿਚੋਂ ਪੈਸੇ ਕਢਵਾ ਕੇ ਸੋਚ ਲਾਂਗਾ।"

"ਸੋਚਣਾ ਕੀ ਜੇ, ਇਹ ਬਿਲ ਤਾਂ ਦਿਤਿਆਂ ਹੀ ਖਲਾਸੀ ਹੋਣੀ ਏ।" ਉਸ ਉਠਦਿਆਂ ਹੋਇਆਂ ਆਖਿਆ।

ਮੈਂ ਸੋਚ ਸੋਚ ਕੇ ਮਕਾਨ ਮੁਨਸ਼ੀ ਨਾਲ ਗਲ ਕੀਤੀ। ਉਸ ਮੈਨੂੰ ਚੁਪ ਕਰ ਰਹਿਣ ਲਈ ਆਖਿਆ। ਮੈਂ ਚੁਪ ਕਰ ਰਿਹਾ। ਉਸ ਪਿਛੋਂ ਬਿਲ ਤਾਂ ਮੇਰੇ ਕੋਲੋਂ ਕੋਈ ਨਾਂ ਮੰਗਣ ਆਇਆ, ਪਰ ਅਸਾਂ ਟੀ. ਵੀ. ਵੇਖਣਾ ਤੇ ਫਰਿਜ ਦੀ ਬਰਫ ਵਾਲਾ ਪਾਣੀ ਪੀਣਾ ਬੰਦ ਕਰ ਦਿਤਾ।

ਉਸ ਪਿਛੋਂ ਉਹ ਸਜਨ, ਸਾਡੀ ਰਸੋਈ ਸਾਹਮਣੇ ਬੈਠ ਕੇ ਰੋਜ਼ ਸਵੇਰੇ ਤੇਲ ਦੀ ਮਾਲਸ਼ ਕਰਨ ਲਗ ਪਏ। ਤੇ ਰਸੋਈ ਵਿਚ ਜਾਂਦੀ ਆਉਂਦੀ ਸਾਡੀ ਲੰਮੀ ਛੀਟਕੀ ਜਹੀ ਤ੍ਰੀਮਤ ਨੂੰ ਘੂਰਨ ਲਗ ਪਏ। ਮੇਰੀ ਤ੍ਰੀਮਤ ਵਿਚੇ ਵਿਚੇ ਸੁਗੜਦੀ ਰਿਹਾ ਕਰੇ, ਪਰ ਉਸ ਸਾਹਨ ਨੂੰ ਪਤਾ ਨਹੀਂ ਕੀ ਸੁਝੀ। ਇਕ ਦਿਨ ਮੇਰੀ ਘਰ ਦੀ ਕੋਲੋਂ ਨਾਂ ਹੀ ਰਿਹਾ ਗਿਆ। ਮੈਂ ਕਾਲਜ ਸ਼ੇਕਸਪੀਅਰ ਦਾ ਡਰਾਮਾ ਪੜ੍ਹਾਣਾ ਸੀ, ਉਸ ਦੀ ਤਿਆਰੀ ਕਰ ਰਿਹਾ ਸਾਂ। ਜਦ ਉਹ ਸਜਨ ਆਪਣੀ ਬੈਂਗਨੀ ਰੰਗੀ ਗੋਗੜ ਤੇ ਤੇਲ ਮਲ ਰਹੇ ਸਨ ਤਾਂ ਮੇਰੀ ਘਰ ਦੀ ਰਸੋਈ ਵਿਚੋਂ ਬਾਹਰ ਨਿਕਲ ਕੇ ਬੋਲੀ, "ਭਾਈਆ ਜੀ, ਇਸ ਵਿਚਾਰੀ ਨੇ ਨਾਂ ਤਾਂ ਹੁਣ ਗੋਰਾ ਹੋਣਾ ਤੇ ਨਾਂ ਹੀ ਪਤਲਾ। ਇਹ ਗਰੀਬਨੀ ਤਾਂ ਹੁਣ ਤੋੜ ਤਕ ਤੁਹਾਡਾ ਸਾਥ ਨਿਭਾਏਗੀ।" ਮੈਂ ਆਪਣੀ ਘਰਦੀ ਦੀਆਂ ਇਹ ਗਲਾਂ ਸੁਣ ਕੇ ਹੈਰਾਨ ਹੋ ਗਿਆ। ਪਰ ਉਸ ਦਿਨ ਦੇ ਪਿਛੋਂ ਉਸ ਸਜਨ ਨੇ ਰਸੋਈ ਘਰ ਸਾਹਮਣੇ ਬੈਠ ਕੇ ਮਾਲਸ਼ ਕਰਨੀ ਬੰਦ ਕਰ ਦਿਤੀ।

ਕਿਰਾਏਦਾਰ ਹੋਣ ਦੀ ਸੂਰਤ ਵਿਚ ਸਮਾਜ ਦੇ ਵੱਖ ਵੱਖ ਵਰਗਾਂ ਦੇ ਤੇ ਭਿੰਨ ਭਿੰਨ ਆਦਮੀਆਂ ਨਾਲ ਵਾਹ ਪੈਂਦਾ ਹੈ ਤੇ ਉਹਨਾਂ ਦਾ ਸਿਧ ਪੁੱਠ ਪਰਖੱਣ ਦੇ ਅਣਗਿਣਤ ਮੌਕੇ ਪ੍ਰਾਪਤ ਹੁੰਦੇ ਰਹਿੰਦੇ ਨੇ।



Namdhari Elibrary NamdhariElibrary@gmail.com

ਇਕ ਦਿਨ ਸਾਡੇ ਗੁਆਂਢੀ ਘਰ ਕਾਫੀ ਰੌਲਾ ਗੌਲਾ ਸੀ। ਆਪ ਵਿਚਾਰਾ ਸਬਜ਼ੀ ਲੈਣ ਦੌੜੀ ਜਾਂਦਾ ਸੀ। ਮੁੰਡਾ ਦੁੱਧ ਤੇ ਮਿਠਾਈ ਦਾ ਪ੍ਰਬੰਧ ਕਰਦਾ ਪਿਆ ਸੀ। ਸਮਝ ਨਾ ਆਵੇ ਕੀ ਗਲ ਹੈ। ਰਾਤ ਨੂੰ ਉਹਨਾਂ ਦੇ ਘਰੋਂ ਅਵਾਜ਼ ਆਈ, "ਤਾਂ ਕੀ ਤੁਸੀਂ ਇਸ ਕੋਠੀ ਦਾ ਅੱਧ ਮੇਰੇ ਲੜਕੇ ਦੇ ਨਾਂ ਤੇ ਲਵਾਣ ਨੂੰ ਤਿਆਰ ਹੋ।"

"ਜ਼ਰੂਰ ਜੀ, ਜ਼ਰੂਰ।" ਇਹ ਅਵਾਜ ਮੇਰੇ ਨਾਲ ਦੇ ਕਿਰਾਏਦਾਰ ਦੀ ਸੀ।

"ਪਰ ਕੀ ਤੁਹਾਡਾ ਕਿਰਾਏਦਾਰ ਮਕਾਨ ਖਾਲੀ ਕਰ ਦੇਵੇਗਾ।" ਦੂਜੀ ਆਵਾਜ਼ ਸੀ।

"ਉਸਦੀ ਕੀ ਮਜਾਲ ਹੈ, ਮਕਾਨ ਖਾਲੀ ਨਾ ਕਰੇ, ਮੈਂ ਬਦਮਾਸ਼ ਸੱਦ ਕੇ ਉਹਦਾ ਸਾਮਾਨ ਬਾਹਰ ਨਾ ਸੁਟਵਾ ਦਿਆਂਗਾ।"

"ਤੁਸਾਂ ਕੋਠੀ ਤੇ ਚੰਗੀ ਬਣਾਈ ਹੈ।"

"ਸਭ ਤੁਹਾਡੇ ਚਰਨਾਂ ਦਾ ਪਰਤਾਪ ਹੈ। ਤੁਸਾਂ ਕੋਠੀ ਸਾਰੀ ਵੇਖੀ ਤੇ ਹੈ ਨਾਂ, ਮੈਂ ਵਿਖਾਈ ਤੇ ਸੀ।" ਕੋਈ ਜਾਣੇ ਪਹਿਚਾਣੇ ਬੋਲ ਸਨ।

ਹਾਂ! ਹਾਂ!! ਕੋਠੀ ਸੋਹਣੀ ਹੈ। ਕਿਨਾਂ ਕਿਰਾਇਆ ਲੈਂਦੇ ਹੋ?"

"ਕਿਰਾਇਆ ਤੇ ਤਿੰਨ ਸੌ ਰੁਪੈ ਹੋਣਾ ਚਾਹੀਦਾ ਸੀ, ਪਰ ਇਹ ਗਰੀਬੜੇ ਜਹੇ ਆਦਮੀ ਨੇ ਤੇ ਇਹਨਾਂ ਦੇ ਤਰਲੇ ਕਰਨ ਤੇ ਮੈਂ ਢਾਈ ਸੌ ਕਿਰਾਇਆ ਲੈਣਾ ਮੰਨ ਲਿਆ ਸੀ।"

ਅਵਾਜ਼ਾਂ ਬੰਦ ਹੋ ਗਈਆਂ। ਸਵੇਰ ਹੋਈ। ਅਸੀਂ ਛਾਹ ਵੇਲਾ ਕਰ ਬੈਠੇ ਸਾਂ ਤੇ ਮੈਂ ਕਾਲਜ ਜਾਣ ਦੀ ਤਿਆਰੀ ਕਰ ਰਿਹਾ ਸਾਂ ਜੋ ਇਕ ਦੰਮ ਸਾਡੇ ਡਰਾਇੰਗ ਰੂਮ ਦਾ ਬੂਹਾ ਖੜਕਿਆ। ਮੈਂ ਬੂਹਾ ਖੋਹਲਿਆ। ਸਾਹਮਣੇ ਹੈਟ ਪਾਈ, ਸੂਟ ਪਾਈ ਇਕ ਸਜਨ ਸਨ। ਸ਼ਕਲ ਕੁਝ ਜਾਣੀ ਪਹਿਚਾਣੀ ਸੀ। ਮੈਂ ਆਖਿਆ, "ਆਉ, ਲੰਘ ਆਉ। ਕੀ ਹੁਕਮ ਹੈ? ਮੈਂ ਕੀ ਸੇਵਾ ਕਰ ਸਕਦਾ ਹਾਂ।" ਉਹ ਅੰਦਰ ਆ ਗਿਆ ਤੇ ਕੋਊਚ ਤੇ ਬੈਠ ਗਿਆ। ਮੈਨੂੰ ਯਾਦ ਆਇਆ ਕਿ ਇਹ ਤੇ ਮੇਰੇ ਸੌਹਰੇ ਪਿੰਡ ਦਾ ਸੀ ਤੇ ਉਸੇ ਗਲੀ ਵਿਚ ਇਸਦਾ ਮਕਾਨ ਸੀ, ਜਿਸ ਗਲੀ ਵਿਚ ਮੇਰੇ ਸੌਹਰਿਆਂ ਦਾ ਮਕਾਨ ਸੀ।

"ਤੁਸੀਂ ਇਥੇ ਕਿਰਾਏਦਾਰ ਹੋ?" ਉਹ ਸਜਨ ਬੋਲਿਆ।

"ਹਾਂ ਜੀ। ਤੁਸੀਂ ਮੁਕਤਸਰ ਤੋਂ ਆਏ ਹੋ।" ਮੈਂ ਪੁਛਿਆ।

"ਜੀ ਹਾਂ, ਤੁਸੀਂ ਕਿਵੇਂ ਜਾਣਦੇ ਹੋ?" ਉਹ ਮੇਰੇ ਵਲ ਵੇਖਣ ਲੱਗਾ।

"ਮੇਰੇ ਸੌਹਰੇ ਉਥੇ ਹਨ, ਉਸੇ ਗਲੀ, ਜਿਥੇ ਤੁਹਾਡਾ ਘਰ ਹੈ।"

"ਉਹ ਹੋ!" ਉਹ ਚੀਕਿਆ, "ਤੁਸੀਂ ਪ੍ਰੋਫੈਸਰ ਹੋ। ਅੱਛਾ! ਅੱਛਾ!! ਅੱਛਾ!!! ਤੁਸੀਂ ਇਥੇ ਕਦੋਂ ਦੇ ਰਹਿੰਦੇ ਹੋ?"

'ਮੈਨੂੰ ਹੋ ਹੀ ਗਏ ਨੇ ਤਿੰਨ ਚਾਰ ਮਹੀਨੇ।"

ਉਸ ਦਸਿਆ ਕਿ ਉਹ ਆਪਣੇ ਮੁੰਡੇ ਦਾ ਸਾਕ ਕਰਨ ਆਇਆ ਸੀ ਤੇ ਰਾਤ ਇਥ ਰਿਹਾ ਸੀ। ਉਹ ਕੁਝ ਸੋਚ ਕੇ ਬੋਲਿਆ, ਕਿਨਾਂ ਕਿਰਾਇਆ ਦੇਂਦੇ ਹੋ?"

"ਜਿੰਨਾ ਮੇਰੇ ਨਾਲ ਦੇ ਦੇਂਦੇ ਨੇ।" ਮੈਂ ਸੰਖੇਪ ਜਿਹਾ ਉੱਤਰ ਦਿਤਾ।

"ਕੀ ਪਏ ਆਖਦੇ ਹੋ ਪ੍ਰੋਫੈਸਰ ਸਾਹਬ?" ਉਹ ਔਖਾ ਹੋ ਕੇ ਬੋਲਿਆ।

"ਮੈਂ ਠੀਕ ਅਰਜ਼ ਕਰ ਰਿਹਾਂ, ਅਸੀ ਦੋਵੇਂ ਕਿਰਾਏ-ਦਾਰ ਹਾਂ ਤੇ ਇਕੋ ਜਿੰਨਾਂ ਕਿਰਾਇਆ ਦੇਂਦੇ ਹਾਂ।"

ਉਸ ਇਕ ਮਿੰਟ ਸੋਚਿਆ ਤੇ ਫਿਰ ਇਕ ਦਮ ਉਠ ਕੇ ਬਿਨਾਂ ਕੁਝ ਬੋਲੇ ਦੇ ਬਾਹਰ ਨਿਕਲ ਗਿਆ। ਉਹ ਨਾਲ ਦੇ ਘਰੋਂ ਵੀ ਚਲਾ ਗਿਆ ਤੇ ਮੈਂ ਉਹਨੂੰ ਉਹਨਾਂ ਘਰੋਂ ਨਿਕਲਦੇ ਆਪ ਵੇਖਿਆ। ਕੁਝ ਚਿਰ ਪਿਛੋਂ ਮੇਰੇ ਮਾਲਕ ਕਿਰਾਏਦਾਰ ਆਏ। "ਪ੍ਰੋਫੈਸਰ ਸਾਹਬ। ਇਹ ਸਜਨ ਤੁਹਾਡੇ ਕੋਲ ਆਏ ਸਨ।" ਉਸ ਆਪਣੇ ਆਪ ਨੂੰ ਮੇਰੇ ਕੋਊਚ ਤੇ ਸੁਟਦਿਆਂ ਹੋਇਆਂ ਆਖਿਆ। ਮੇਰੇ ਕੋਊਚ ਦੇ ਸਪਰਿੰਗ ਹਾਲਾਂ ਤਕ ਉਸ ਦੇ ਬੈਠਣ ਤੇ ਪ੍ਰੋਟੈਸਟ ਕਰਦੇ ਹੋਏ ਚੀਕੀ ਜਾ ਰਹੇ ਸਨ।

"ਜੀ ਹਾਂ, ਮੇਰੇ ਕੋਲ ਆਏ ਸਨ ਤੇ ਪੁਛਦੇ ਸਨ, ਮੈਂ ਕਿੰਨਾਂ ਕਿਰਾਇਆ ਦੇਂਦਾ ਹਾਂ।"

"ਫੇਰ ਤੁਸਾਂ ਕੀ ਆਖਿਆ?" ਉਸ ਕਾਹਲੀ ਨਾਲ ਪੁੱਛਿਆ।

"ਮੈਂ ਆਖਿਆ ਜਿੰਨਾਂ ਤੁਸੀ ਦੇਂਦੇ ਹੋ, ਉਹਨਾਂ ਹੀ ਮੈਂ ਦੇਂਦਾ ਹਾਂ। ਇਹ ਸਜਨ ਮੇਰੇ ਸੌਹਰਿਆਂ ਦੇ ਪਿੰਡ ਦੇ ਸਨ।

"ਪ੍ਰੋਫੈਸਰ ਸਾਹਬ! ਪ੍ਰੋਫੈਸਰ ਸਾਹਬ!! ਪ੍ਰੋਫੈਸਰ ਸਾ......!!! ਉਹ ਦੰਦ ਕਰੀਚਦਾ ਹੋਇਆ ਚੀਕਿਆ ਤੇ ਫੂੰ ਫੂੰ ਕਰਦਾ ਕਮਰੇ ਤੋਂ ਬਾਹਰ ਚਲਾ ਗਿਆ।



Namdhari Elibrary NamdhariElibrary@gmail.com

# ਮਹਿਕ ਮੇਰੇ ਯਾਰ ਦੀ

—ਤਰਲੋਕ ਮਨਸੂਰ

ਪਰਸੋਂ ਸ਼ਹਿਰ ਤੋਂ ਮੁੜ ਰਿਹਾ ਸਾਂ। ਰਾਹ ਵਿਚ ਪੋਸਟ ਮਾਸਟਰ ਨੇ ਦਸਿਆ :—"ਤੁਹਾਡੀ ਇਕ ਰਜਿਸਟਰੀ ਆਈ ਹੈ ਪੋਸਟਮੈਨ ਕੋਲ ਹੈ, ਤੁਹਾਡੇ ਘਰ ਆਵੇਗਾ, ਕੋਈ ਕਿਤਾਬ ਜਾਪਦੀ ਹੈ।"

ਦਸ ਕੁ ਦਿਨ ਹੋਏ ਡਾ. ਮਹੀਪ ਸਿੰਘ ਦੀ ਚਿਠੀ ਆਈ ਸੀ : "ਆਪਣਾ ਇਕ ਨਾਵਲ ਤੁਹਾਨੂੰ ਘਲ ਰਿਹਾ ਹਾਂ।"

ਸੋਚਿਆ, ਬਸ ਉਹੀ ਨਾਵਲ ਹੋਵੇਗਾ।

ਅਜ ਕੁਝ ਚਿਰ ਹੋਇਆ ਪੋਸਟਮੈਨ ਆਇਆ ਸੀ। ਰਜਿਸਟਰੀ ਦੇ ਗਿਆ ਹੈ। ਮੈਂ ਰੇਪਰ ਨੂੰ ਫਾੜਿਆ ਹੈ। ਕਾਲੇ ਰੰਗ ਦੇ ਪੇਪਰ ਬੈਕ ਕਵਰ ਉਤੇ ਪੀਲੇ ਰੰਗ ਵਿਚ ਤਿਨ ਕਣਕ ਦੇ ਸਿਟੇ। ਪੁਸਤਕ ਦਾ ਨਾਂ ਹੈ 'ਮੁੜ੍ਹਕੇ ਦੀ ਮਹਿਕ'। ਲੇਖਕ ਹੈ :—ਸੁਰਜੀਤ ਖੁਰਸ਼ੀਦੀ।

ਕਿਸੇ ਸਰੂਰ ਵਿਚ ਅੱਖਾਂ ਮੀਟੀਆਂ ਗਈਆਂ ਹਨ। ਅਤੀਤ ਦੀ ਬਾਰੀ ਖੁਲ੍ਹ ਗਈ ਹੈ। ਯਾਦਾਂ ਦੇ ਝਰੋਖੇ ਵਿਚੋਂ ਵੇਖਦਾ ਹਾਂ :—ਸਾਲ 1952, ਸਥਾਨ ਦਿਲੀ, ਨੌਕਰੀ ਫੌਜ ਦੀ।

ਮੈਂ ਉਸ ਯੂਨਿਟ ਵਿਚ ਉਸੇ ਸ਼ਾਮ ਹੀ ਆਇਆ ਸਾਂ। ਰੋਟੀ ਖਾਣ, ਆਪਣੇ ਪਹਿਲਾਂ ਤੋਂ ਜਾਣੂ ਕਿਸੇ ਮਿਤਰ ਨਾਲ ਮੈਸ ਉਤੇ ਪੁਜਾ। ਵਿਚ ਮੇਜ਼ ਸੀ ਏਸ ਪਾਸੇ ਦੀ ਕੁਰਸੀ ਤੇ ਮੈਂ ਬੈਠਾ ਸਾਂ। ਉਸ ਪਾਸੇ ਮੇਰੇ ਸਾਹਮਣੀ ਕੁਰਸੀ ਤੇ ਇਕ ਹੋਰ ਹੌਲਦਾਰ ਬੈਠਾ ਹੋਇਆ ਸੀ। ਦਰਮਿਆਨਾਂ ਜਿਹਾ ਕਦ ਕਾਠ, ਸਰੀਰ ਗਠਿਆ ਹੋਇਆ, ਰੰਗ ਪਕੇਰਾ ਤੇ ਅੱਖਾਂ ਜਿਵੇਂ ਅਧੀਆਂ ਕੁ ਮੀਟ ਰਖੀਆਂ ਹੋਣ। ਮੇਰੇ ਮਿਤਰ ਨੇ ਉਸ ਵਲ ਇਸ਼ਾਰਾ ਕਰਦਿਆਂ ਕਿਹਾ, ਸੁਰਜੀਤ ਖੁਰਸ਼ੀਦੀ, ਇਹ ਵੀ ਤੇਰੇ ਵਾਂਗਰ ਕਹਾਣੀਆਂ ਲਿਖਦਾ ਏ।

ਹੱਥ ਮਿਲੇ, ਅੱਖਾਂ ਮਿਲੀਆਂ, ਤੇ ਦਿਲ ਦੀਆਂ ਗਲਾਂ ਚਾਲੂ ਹੋ ਗਈਆਂ। ਮੈਂ ਉਸਨੂੰ ਆਪਣੇ ਕਮਰੇ ਵਿਚ ਲੈ ਗਿਆ ਤੇ ਇਕ ਦੋ ਕਹਾਣੀਆਂ ਉਸਨੂੰ ਸੁਣਾ ਦਿਤੀਆਂ, ਉਹ ਮੈਨੂੰ ਆਪਣੇ ਕਮਰੇ ਵਿਚ ਲੈ ਗਿਆ ਤੇ ਇਕ ਅਧ ਰਚਨਾ ਮੇਰੇ ਅਗੇ ਧਰ ਦਿਤੀ ਉਹ ਉਰਦੂ ਵਿਚ ਲਿਖਦਾ ਤੇ ਉਰਦੂ ਰਸਾਲਿਆਂ ਵਿਚ ਹੀ ਛਪਦਾ ਸੀ।

ਨਵੀਂ ਨਵੀਂ ਦੋਸਤੀ ਦਾ ਚਾਅ। ਇਕ ਪਲ ਵਿਛੜਨਾ ਔਖਾ ਜਾਪੇ। ਜਿਥੇ ਬਹਿ ਜਾਈਦੇ, ਬੈਠੇ ਰਹੀਏ। ਸਾਹਿਤ ਦੀਆਂ, ਸਾਹਿਤਕਾਰਾਂ ਦੀਆਂ ਗਲਾਂ। ਰਾਜਨੀਤੀ ਦੀਆਂ ਗਲਾਂ, ਅਤੀਤ ਦੀਆਂ ਗਲਾਂ, ਵਰਤਮਾਨ ਦੀਆਂ ਗਲਾਂ।

ਮੈਂ ਉਸਨੂੰ ਪੰਜਾਬੀ ਸਾਹਿਤ ਸਭਾ ਦਿਲੀ ਗਿਆਨੀ ਹਰੀ ਸਿੰਘ ਦੇ ਘਰ ਲੈ ਗਿਆ ਤੇ ਉਸਦੀ ਜਾਣ ਪਛਾਣ ਸਭਾ ਵਿਚ ਆਏ ਲੇਖਕਾਂ, ਆਈ.ਸੀ. ਨੰਦਾ, ਡਾ. ਹਰਭਜਨ ਸਿੰਘ, ਤਾਰਾ ਸਿੰਘ ਕਾਮਲ, ਦੇਵਿੰਦਰ ਤੇ ਗੁਰਮੁਖ ਸਿੰਘ ਜੀਤ ਆਦਿ ਨਾਲ ਕਰਵਾਈ। ਉਹ ਮੈਨੂੰ ਗਾਂਧੀ ਗਰਾਊਂਡ ਵਿਚ ਹੋਏ ਕਿਸੇ ਮੁਸ਼ਾਇਰੇ ਵਿਚ ਲੈ ਗਿਆ, ਤੇ ਸ੍ਰ. ਜਾਫਰੀ, ਸਾਹਿਰ ਲੁਧਿਆਨਵੀ, ਜੋਸ਼ ਤੇ ਮਜਰੂਹ ਸੁਲਤਾਨਪੁਰੀ ਆਦਿ ਨਾਲ ਮਿਲਾ ਲਿਆਇਆ।

ਮੇਰੀ ਲੇਖਣ ਕਲਾ ਦਾ ਉਹ ਪਹਿਲਾ ਦੌਰ ਸੀ, ਸਮਾਜਕ ਸੂਝ ਮੇਰੀ ਨਾਂਹ ਬਰਾਬਰ ਹੀ ਸੀ। ਬਸ ਮੈਂ ਆਪਣੇ ਨਾਲ ਘਟੀਆਂ ਘਟਨਾਵਾਂ ਦੀ ਪੁਣ ਛਾਣ ਕਰਕੇ ਕਹਾਣੀ ਘੜ ਦੇਂਦਾ ਸਾਂ ਤੇ ਕੋਈ ਨਾ ਕੋਈ ਸਿਟਾ ਕਢ ਧਰਦਾ ਸਾਂ। ਖੁਰਸ਼ੀਦੀ ਹੰਢਿਆ ਵਰਤਿਆ ਘੁਲਾਟੀਆ ਲਗਦਾ ਸੀ। ਮੇਰੀ ਸਮਾਜਕ ਚੇਤਨਤਾ ਵਧਾਣ ਵਿਚ ਉਸਦਾ ਬੜਾ ਹੱਥ ਹੈ। ਤੇ ਜੇ ਉਹ ਮਨ ਲਵੇ ਤਾਂ ਉਸਨੂੰ ਪੰਜਾਬੀ ਸਾਹਿਤ ਵਲ ਲਿਆਣ ਵਿਚ ਮੇਰਾ ਵੀ ਕੁਝ ਨਾਂ ਕੁਝ ਪ੍ਰਭਾਵ ਰਿਹਾ ਹੈ।

ਖੁਰਸ਼ੀਦੀ ਤੇ ਮੇਰੇ ਸੁਭਾਵਾਂ ਵਿਚ ਸੈਆਂ ਕੋਹਾਂ ਦੀ ਵਿਥ ਹੈ। ਮੈਂ ਸ਼ਰਮਾਕਲ, ਸੁਹਜ ਸਵਾਦ ਦਾ ਰਸੀਆ, ਵਕਤ ਦੀ ਮੰਗ ਦੇ ਮੁਤਾਬਿਕ ਢਲ ਜਾਣ ਵਾਲਾ ਤੇ ਸੁਲਾਹ ਪਸੰਦ ਆਦਮੀ ਹਾਂ। ਖੁਰਸ਼ੀਦੀ, ਸੱਚੀ ਗਲ ਅਗਲੇ ਦੇ ਮੂੰਹ ਤੇ ਮਾਰਨ ਵਾਲਾ, ਅਖੱੜ, ਜੁਝਾਰੂ, ਅਸੂਲ ਦੀ ਖਾਤਰ ਮਰ ਮਿਟਣ ਵਾਲਾ ਤੇ ਹਾਲਾਤ ਨਾਲ ਟਕਰ ਲੈਣ ਵਾਲਾ ਮਰਦ ਹੈ। ਤਾਵੀਂ ਸਾਡੀ ਨਿਭਦੀ ਜਾ ਰਹੀ ਸੀ। ਸਾਡੇ ਦੂਹਾਂ ਕੋਲ ਕੋਈ



Namdhari Elibrary NamdhariElibrary@gmail.com

ਚੀਜ਼ ਸਾਂਝੀ ਸੀ ਜਿਸ ਸਾਨੂੰ ਇਕ ਜਾਨ ਦੋ ਕਾਲਬ ਕੀਤਾ ਹੋਇਆ ਸੀ। ਹਾਂ ਇਹ ਸਾਹਿਤਕਾਰ ਮਨਾਂ ਵਿਚ ਪਲੁਰਦਾ ਮਨੁੱਖੀ ਦਰਦ, ਮਨੁੱਖਤਾ ਨਾਲ ਵਫ਼ਾ ਤੇ ਸਭ ਤੋਂ ਵਧ ਆਪਣੇ ਆਪ ਵਿਚ ਹੰਢਾਏ ਦਰਦ ਦੀਆਂ ਕਸਕਾਂ ਹੀ ਸਨ ਕਿ ਵਰ੍ਹਿਆਂ ਦੇ ਬੀਤ ਜਾਣ ਉਤੇ ਤੇ ਸੈਆਂ ਮੀਲਾਂ ਦੀ ਵਿਥ ਉਤੇ ਬੈਠਿਆਂ ਅਜ ਵੀ ਸਾਨੂੰ ਇਕ ਦੂਜੇ ਦੇ ਸਾਹ ਸੁਣੀਦੇ ਹਨ।

ਇਕ ਦਿਨ ਪਤਾ ਨਹੀਂ ਉਸਦੇ ਮਨ ਵਿਚ ਕੀ ਆਈ, ਕਹਿਣ ਲਗਾ :—ਇਹ ਤੂੰ 'ਤਰਲੋਕ ਸਿੰਘ ਮਨਸੂਰ' ਕੀ ਲਿਖਦਾ ਹੁੰਦਾ ਏਂ ? ਸਿਰਫ ਤਰਲੋਕ ਮਨਸੂਰ ਹੀ ਕਾਫੀ ਹੈ, ਨਾਲੇ ਜਚਦਾ ਵੀ ਹੈ।

ਮੈਂ ਕਿਹਾ, ਵਿਚੋਂ 'ਸਿੰਘ' ਕਢ ਦੇਣਾ ਬੜਾ ਅਜੀਬ ਜਿਹਾ ਲਗਦਾ, ਨਾਲੇ ਮੇਰੇ ਘਰ ਵਾਲੇ ਕੀ ਕਹਿਣਗੇ ?

ਘਰ ਵਾਲਿਆਂ ਨੂੰ ਮਾਰ ਗੋਲੀ, ਅਗੋਂ ਤੋਂ ਸਿਰਫ ਤਰਲੋਕ ਮਨਸੂਰ ਹੀ ਲਿਖੀਂ। ਉਸਦੇ ਰੋਅਬ ਥਲੇ ਆ ਜਾਣਾਂ ਹੀ ਸਮਝੋ ਕਿ ਮੈਂ ਅਜ ਤਕ ਉਸਦੀ ਨਸੀਹਤ ਤੇ ਅਮਲ ਕਰ ਰਿਹਾ ਹਾਂ।

ਫਿਰ ਮੈਂ ਪੁਛਿਆ ਤੂੰ ਇਹ ਖੁਰਸ਼ੀਦੀ ਕਿਥੋਂ ਲਿਆ ਹੈ ?

ਇਕ ਲਮੇਂ ਹੌਕੇ ਵਰਗਾ ਸਾਹ ਖਿਚਕੇ ਬੋਲਿਆ, ਜ਼ਾਲਮਾ ਤੂੰ ਇਹ ਵੀ ਪੁਛਣਾ ਸੀ ? ਉਸ ਅਖਾਂ ਮੀਟ ਲਈਆਂ ਤੇ ਕੁਝ ਚਿਰ ਅਤੀਤ ਵਿਚ ਖੋਇਆ ਰਿਹਾ। ਫਿਰ ਬੋਲਆ :—ਮੇਰਾ ਬਚਪਨ ਅੰਡੇਮਾਨ ਟਾਪੂ ਵਿਚ ਬੀਤਿਆ ਹੋਇਆ ਹੈ। ਉਥੇ ਡਾਕਟਰ ਦੀਵਾਨ ਸਿੰਘ ਕਾਲੇ ਪਾਣੀ ਦੇ ਗੁਆਂਢ ਸਾਡਾ ਘਰ ਸੀ, ਤੇ ਉਸਤੋਂ ਅਗਲਾ ਘਰ ਖੁਰਸ਼ੀਦ ਦਾ। ਅਸੀਂ ਦੋਵੇਂ ਹਮ ਉਮਰ ਸਾਂ, ਇੱਕਠੇ ਖੇਡੇ, ਇਕਠੇ ਪੜ੍ਹੇ। ਜਦੋਂ ਉਤਾਂਹ ਹੋਏ ਤਾਂ ਪਤਾ ਲਗਾ ਕਿ ਅਸੀਂ ਇਕ ਦੂਜੇ ਨੂੰ ਪਿਆਰ ਕਰਦੇ ਹਾਂ। ਅਸਾਂ ਬਹੁਤ ਸਾਰੇ ਵਾਅਦੇ ਕੀਤੇ ਸਨ। ਬਹੁਤ ਸਾਰੀਆਂ ਕਸਮਾਂ ਖਾਧੀਆਂ ਸਨ ਵਾਅਦੇ ਪੂਰੇ ਕਰਨ ਦੀਆਂ। ਪਰ ਬਟਵਾਰੇ ਦੀ ਮਾਰ, ਉਹ ਲੀਹੋਂ ਓਧਰ ਮੈਂ ਏਧਰ। ਬਸ ਇਕ ਨਾਂਅ ਹੀ ਦੇ ਗਈ ਹੈ ਮੈਨੂੰ ਤਾਂ।

ਦਿਲ ਵਿਚ ਮੈਂ ਕਿਹਾ, "ਬਹੁਤ ਕੁਝ ਦੇ ਗਈ ਹੈ ਤੈਨੂੰ ਮਿਤਰਾ। ਤੈਨੂੰ ਦਰਦ ਦੀ ਦੌਲਤ ਨਾਲ ਮਾਲਾ ਮਾਲ ਕਰ ਗਈ ਆ।" ਪਰ ਮੂਹੋਂ ਮੈਂ ਕੁਝ ਨਾ ਬੋਲਿਆ। ਕਰੁਣਾ ਮਈ ਅਵਸਥਾ ਵਿਚ ਅਸੀਂ ਕੁਝ ਚਿਰ ਡੁਬੇ ਰਹੇ ਤੇ ਫਿਰ ਉਹੀ ਗਲਾਂ, ਗਲਾਂ, ਗਲਾਂ।

ਮਨੁਖ ਨੂੰ ਵਰਾਸਤ ਵਿਚੋਂ ਹੀ ਜਨਮ ਦੇ ਨਾਲ ਹੀ ਤਿਨ ਰੁਚੀਆਂ ਜਾਂ ਮਨੋ ਬਿਰਤੀਆਂ ਮਿਲਦੀਆਂ ਹਨ ;— ਕਾਮ, ਸ੍ਵੈ-ਰਖਸ਼ਾ ਤੇ ਸ੍ਵੈ-ਪ੍ਰਗਟਾ। ਜਿਨਾਂ ਲੋਕਾਂ ਵਿਚ ਸ੍ਵੈ-ਪ੍ਰਗਟਾ ਦੀ ਰੁਚੀ ਪਰਬਲ ਹੋਂਦੀ ਹੈ, ਉਹ ਲੋਕ ਆਮ ਜੀਵਨ ਧਾਰਾ ਤੋਂ ਅਲਗ ਕੁਝ ਵਖਰੇ ਵਖਰੇ ਜਹੇ ਜਿਉਂਦੇ ਹਨ ਤੇ ਆਪਣੇਂ ਆਪ ਨੂੰ ਆਪਣੀ ਕਲਾ ਵਿਚ ਰਚਾ ਦੇਂਦੇ ਹਨ। ਤੁਸੀਂ ਸਾਹਿਤਕਾਰ ਨੂੰ ਜਾਨਣਾਂ ਹੋਵੇ ਤਾਂ ਉਸਦੀ ਰਚਨਾ ਵਿਚੋਂ ਉਸਨੂੰ ਵੇਖ ਸਕਦੇ ਹੋ।

ਖੁਰਸ਼ੀਦੀ ਨੇ ਜੀਵਨ ਵਿਚ ਬਹੁਤ ਕੁਝ ਖੋਹਿਆ ਹੈ। ਪਹਿਲਾਂ ਖੁਰਸ਼ੀਦ ਉਸ ਤੋਂ ਖੁਸੀ, ਫਿਰ ਖਬੇ ਪੱਖੀ ਹੋਣ ਦਾ ਇਲਜ਼ਾਮ ਲਾ ਕੇ ਨੌਕਰੀ ਤੋਂ ਕਢਿਆ ਗਿਆ। ਰੋਜ਼ੀ, ਲਈ ਉਹ ਦਰ ਦਰ ਭਟਕਿਆ ਹੈ। ਅਜਿਹੇ ਬੰਦੇ ਵਿਚ ਮਾਯੂਸੀ ਤੇ ਤਨਿਹਾਈ ਦਾ ਸਿਖਰਾਂ ਨੂੰ ਛੁਹ ਜਾਣਾ ਬੜੀ ਕੁਦਰਤੀ ਗਲ ਹੈ। ਸ਼ਾਇਦ ਏਸੇ ਲਈ ਖੁਰਸ਼ੀਦੀ ਬਾਰ ਬਾਰ ਸੱਨਾਟਾ, ਤਨਿਹਾਈ ਤੇ ਰਾਤ ਦਾ ਜ਼ਿਕਰ ਕਰਦਾ ਕਰਦਾ ਹੈ ਜਿਵੇਂ :—

ਇਹ ਕੈਸੀ ਅਵਸਥਾ ਹੈ ਸਾਰੇ ਪਸਾਰ ਦੀ
ਹਨੇਰ ਦੀ ਨਦੀ ਹੈ ਕਿ ਠਾਠਾਂ ਮਾਰਦੀ।
ਹਨੇਰ ਦੀ ਫੁਹਾਰ ਹੈ ਅੰਬਰਾਂ ਤੋਂ ਪੈ ਰਹੀ
ਚੁਪ ਦੀ ਤਲਵਾਰ ਹੈ ਧਰਤੀ ਦੇ ਸੀਨੇ ਲਹਿ ਰਹੀ।
ਸੱਨਾਟੇ ਦੀ ਗੁੰਜਾਰ ਦਾ ਤੂਫਾਨੀ ਸ਼ੋਰ ਹੈ
ਰੱਬਾ ! ਇਹ ਤੇਰੀ ਰਾਤ ਅਜੇ ਕਿਤਨੀ ਕੁ ਹੋਰ ਹੈ ?

... ... ... ...

ਦਿਨ ਰਾਤ ਚਲ ਰਿਹਾ ਹੈ ਚਕਰ ਹਨੇਰ ਦਾ
ਸੂਰਜ ਵੀ ਮੈਨੂੰ ਜਾਪਦਾ ਤਾਰਾ ਉਸ਼ੇਰ ਦਾ

... ... ... ...

ਵਗਦੀ ਹੈ ਅਖਾਂ ਸਾਹਮਣੇਂ ਇਹ ਰਾਤ ਦੀ ਨਦੀ
ਬਿਫਰੀ ਹੋਈ ਹੈ ਚਿਹਨ ਵਿਚ ਜਜ਼ਬਾਤ ਦੀ ਨਦੀ। ਤੇ
ਇਹ ਤਨਹਾਈ ਨਹੀਂ ਜਾਂਦੀ
ਹੁਣ ਤਾਂ ਇੰਜ ਪ੍ਰਤੀਤ ਹੋਂਦਾ ਹੈ।
ਜਿਉਂ ਕਈ ਜਨਮ ਤਨਹਾਈ ਦੇ ਵਿਚ ਗੁਜ਼ਰੇ
ਹੁਣ ਤਾਂ ਯਾਰੋ ਸਾਹ ਵੀ ਆਪਣਾ।



Namdhari Elibrary NamdhariElibrary@gmail.com

ਤਨਹਾ ਹੀ ਆਵੇ, ਤਨਹਾ ਹੀ ਜਾਵੇ
ਇਹ ਤਨਹਾਈ ?

ਤਨਹਾਈ ਤੇ ਮਾਯੂਸੀਆਂ ਦਾ ਮਾਰਿਆ ਕਦੇ ਕਦੇ ਉਹ ਆਪਣੇਂ ਅਤੀਤ ਵਲ ਨੂੰ ਭਜਦਾ ਹੈ, ਯਾਦਾਂ ਦੀ ਪਟਾਰੀ ਖੋਲ੍ਹ ਧਰਦਾ ਹੈ। ਪਰ ਉਥੇ ਵੀ ਕੀ ਹੈ ?

ਸਮੇਂ ਦਾ ਕਫਨ ਕੁਤਰ ਦਿਤਾ ਹੈ
ਕਲਪਨਾ ਕੈਂਚੀ ਨੇ ਅੱਜ।
ਚਹਨ ਦੇ ਰੰਗ ਮੰਚ ਤੇ 'ਖੁਰਸ਼ੀਦ' ਕਿਥੋਂ ਆ ਗਈ ?

... ... ... ...

ਖਿਆਲ ਮੇਰੇ ਨਚ ਰਹੇ ਨੇ
ਦੇ ਰਹੇ ਨੇ ਸੁਰ ਤੇ ਤਾਲ
ਰਸੀਆ, ਕਜਰੀ, ਝੂਮਰ, ਭੰਗੜਾ, ਬਿਰਹਾ,
ਇਕ ਮਿਕ, ਇਕ ਸੁਰ, ਇਕ ਤਾਲ
ਤਾ ਥਈ, ਤਾ ਥਈ ਤਾ ਥਈਆ।
'ਸਿੰਦੀ' ਆ ਗਈ
ਇਕ ਸਹਾਰਾ ਇਕ ਆਸ ਕਿਰਨ।
ਪਿਆਰ ਵਿਲਕਦੀ ਆਤਮਾ ਲਈ
ਇਕ ਸ਼ਾਂਤੀ ਦੁਖੜੇ-ਹਰਨ।

... ... ... ...
... ... ... ...

ਹੈਂ ? ਮਿਰਗ ਤ੍ਰਿਸ਼ਨਾ ?
ਇਕ ਫਰਕਣ ਬੁਲ੍ਹੀਆਂ ਤੇ ਜਮ ਗਈ
ਹੋ ਸਕੀ ਨਾ ਆਤਮਾ ਦੀ ਤ੍ਰਿਪਤੀ।
ਤੂੰ ਜੁਆਨੀ ਮਾਣ ਚਨੀਏ ਉਮਰ ਭਰ।

ਇਹ ਰੰਗ ਉਸਦੇ ਵਿਸ਼ਾਦ ਦਾ ਹੈ। ਆਪਣੇਂ ਅੰਦਰਲੇ ਦੀ ਕਾਲੀ ਗੁਫਾ ਵਿਚ ਭਟਕਣ। ਜਦ ਉਹ ਇਸਤੋਂ ਬਾਹਰ ਆਉਂਦਾ ਹੈ ਤਾਂ ਲੁਧਿਆਣੇ ਦੇ ਉਚੇ ਪੁਲ ਤੇ ਜਾ ਖਲੋਂਦਾ ਹੈ ਤੇ......

ਟੱਪ ਟੱਪ ਕਰਦਾ ਤਾਂਗਾ ਆਇਆ
"ਠਹਿਰ ਉਏ ਹਰਾਮੀਆਂ, ਓਵਰ ਲੋਡ ਏਂ।"
"ਨਾਂ ਦਸ ਕੀ ਹੈ ਤੇਰਾ।' ਪੁਲਸੀਆ ਕੜਕਿਆ
ਬਸਾਂ ਕਾਰਾਂ ਸਭ ਕੀ ਹਨ,
ਪਈਆਂ ਲੰਘਣ।
ਕੇਵਲ ਤਾਂਗਾ ਓਵਰ ਲੋਡ ਹੈ।
ਇਕ ਰੁਪਈਆ ਤਲੀ ਟਿਕਾਇਆ
ਦੋ ਸਵਾਰੀਆਂ ਹੋਰ ਬਠਲਾਈਆਂ।
ਤਾਂਗਾ ਆਪਣੀ ਚਾਲੇ ਪੈ ਗਿਆ।

ਇਹੁ ਜਹੀਆਂ ਕੁਰੀਤੀਆਂ ਤੇ ਸਮਾਜਕ ਗੰਦ ਦੇ ਖਿਲਾਫ ਉਹ ਰੋਸ ਹੀ ਪ੍ਰਗਟ ਨਹੀਂ ਕਰਦਾ, ਸਗੋਂ ਲਲਕਾਰਦਾ ਹੈ :—

ਹਰ ਯੁਗ ਵਿਚ ਕੌਰਵ ਜੰਮਦੇ ਹਨ
ਹਰ ਯੁਗ ਅਰਜਨ ਪੈਦਾ ਕਰਦਾ ਹੈ,
ਹਰ ਯੁਗ ਦਾ ਕਰਿਸ਼ਨ, ਗੀਤਾ ਰਚਦਾ ਹੈ,
ਹਰ ਯੁਗ ਵਿਚ ਕੌਰਵ ਪਾਂਡਵ ਲੜਦੇ ਹਨ।
ਜ਼ੁਲਮ ਜਬਰ ਦੀ ਖੈਅ ਹੋਂਦੀ ਹੈ।
ਸਤ ਸਬਰ ਦੀ ਜੈਅ ਹੋਂਦੀ ਹੈ।
ਹਰ ਯੁਗ ਦਾ ਅਰਜਨ ਜਿਤ ਜਿਤਾਕੇ,
ਹਿਮ-ਪਰਬਤ ਤੇ ਜਾ ਚੜ੍ਹਦਾ ਹੈ।

... ... ... ...
... ... ... ...
... ... ... ...

ਅਜ ਦੇ ਯੁਗ ਦਾ ਅਰਜਨ ਮੈਂ ਹਾਂ।
ਅਜ ਦੇ ਮਾਧੋ ਨੇ ਮੇਰੇ ਲਈ ਗੀਤਾ ਰਚ ਦਿਤੀ ਹੈ—
ਮਾਰਕਸ ਬਣਕੇ।
ਅਜ ਇਹ ਬਾਹੂ ਮੇਰੇ ਯੁਧ ਕਰਨ ਲਈ ਫਰਕ ਰਹੇ ਹਨ।
ਹਿਕ ਦੇ ਅੰਦਰ ਕਰਮ ਦਾ ਲਾਵਾ ਖੌਲ ਰਿਹਾ ਹੈ।

... ... ... ...

ਅਜ ਤੁਹਾਡਾ ਸਿੰਘਾਰ ਅਟਲ ਹੈ।
ਲਾ ਲਉ ਜਿਤਨਾ ਬਾਹੂ ਬਲ ਹੈ।
ਅਜ ਇਹ ਅਰਜਨ ਜਿਤ ਜਿਤਾਕੇ,
ਹਿਮ-ਪਰਬਤ ਤੇ ਨਹੀਂ ਚੜ੍ਹੇਗਾ।
ਕੁਰੂ ਕਸ਼ੇਤਰ ਵਿਚ ਰਹੇਗਾ।
ਤਾਂ ਜੋ ਕੋਈ ਕੌਰਵ ਏਥੇ
ਫੇਰ ਕਦੇ ਨਾ ਪੈਦਾ ਹੋਵੇ।
ਹਾਂ, ਅਜ ਵੀ ਅਰਜਨ ਵਾਰ ਕਰੇਗਾ।



Namdhari Elibrary NamdhariElibrary@gmail.com

ਕੌਰਵਾਂ ਦਾ ਸਿੰਘਾਰ ਕਰੇਗਾ ।

ਤੇ

ਅਜ ਇਹ ਧਰਤੀ ਆਸਮਾਨ ਹੋ ਰਹੀ ਹੈ ।
ਗਲ ਬੜੀ ਮੁਸ਼ਕਲ ਆਸਾਨ ਹੋ ਰਹੀ ਹੈ ।
ਖ਼ੈਰ ਅਜ ਤੁਹਾਡੀ ਨਹੀਂ ਹੈ ਤਾਜਦਾਰੋ,
ਕਿਰਤੀ ਦੀ ਕਹਿਣੀ ਕਰਨੀ ਫੁਰਮਾਨ ਹੋ ਰਹੀ ਹੈ ।
ਸੁਰਜੀਤ ਤੇਰੀ ਲੈਲਾ, ਮਹਿਲਾਂ ਦਾ ਵਾਸ ਤਜਕੇ,
ਸੁਣਿਆ ਹੈ ਤੇਰੀ ਛਨ ਵਿਚ ਮਹਿਮਾਨ ਹੋ ਰਹੀ ਹੈ ।

ਆਤਮਾ ਤੋਂ ਪ੍ਰਮਾਤਮਾ ਵਲ ਦੇ ਸਫਰ ਦੇ ਰਾਹ ਵਿਚ ਜੋ ਜਿਸਮ ਦੀ ਦੀਵਾਰ ਖੜੀ ਹੈ ਉਸਦਾ ਵਰਨਣ ਕਿਨਾਂ ਹੁਸੀਨ ਹੈ ?

ਜਿਸਮ ਦੀ ਦੀਵਾਰ ਤੋਂ ਉਰਾਰ
ਇਕ ਸੰਸਾਰ ਵਸਦਾ ਅਤਿ ਰੰਗੀਨ
ਇਸ ਦੀਵਾਰ ਤੋਂ ਪਾਰ ਹੈ ਅਸੀਮ ਬ੍ਰਹਮੰਡ
ਵਸਦੇ ਅਣਗਿਣਤ ਸੰਸਾਰ ਅਤਿ ਹੁਸੀਨ
ਜਿਸਮ ਦੀ ਦੀਵਾਰ ਤੋਂ ਉਰਾਰ ਰਿਸ਼ਤੇ ਬੜੇ
ਸੀਮਾਵਾਂ, ਵਲਗਣਾਂ, ਕੰਧਾਂ ਤੇ ਪਹਿਰੇ ਖੜੇ ।
ਬੜੀ ਔਖ ਨਾਲ ਟਿਕਦੇ ਨੇ ਪੈਰ ਦੀਵਾਰ ਤੋਂ ਪਰੇ
ਰੰਗ, ਰਸ, ਸੁਆਦ, ਵਿਸਮਾਦ ਹਰ ਮੋੜ ਤੇ ਖੜੇ
ਜ਼ਿੰਦਗੀ ਨਾਮ ਹੈ ਇਕ ਵਹਿਣ ਦਾ ਜੋ ਸਦਾ ਵਹਿੰਦਾ ਰਹੇ
ਜ਼ਿੰਦਗੀ ਅੜੀ ਖੜੀ ਹੈ ਕਿਉਂ ਅਜੇ ਦੀਵਾਰ ਤੇ ਤਲੇ

... ... ... ...
... ... ... ...
... ... ... ...

ਖੁਰਸ਼ੀਦੀ ਨੇ ਕੁਝ ਬੜੇ ਹੀ ਸੁੰਦਰ ਸ਼ੇਅਰ ਕਹੇ ਹਨ, ਜਿਵੇਂ ;—

ਸ਼ਬਨਮ ਨੇ ਰੋ ਕੇ ਮਨ ਕੁਝ ਹੌਲਾ ਤਾਂ ਕਰ ਲਿਆ,
ਉਸ ਫੁਲ ਦਾ ਹਸ਼ਰ ਕੀ ਹੈ ਜੋ ਹੰਝੂ ਨਾ ਕੇਰਦਾ ।
ਜਿਸਮ ਅਤੇ ਜਾਨ ਦੇ ਰਿਸ਼ਤੇ ਤੋਂ ਬੇ-ਨਿਆਜ਼
ਸੁਰਜੀਤ ਤੇਰਾ ਜਿਗਰਾ ਸੁਣੀਦਾ ਸ਼ੇਰ ਦਾ ।

... ... ... ...

ਜੀਵਨ-ਤਾਂਘ ਅਵੱਲੀ ਸ਼ੈਅ ਹੈ
ਜਿਊਂਦੇ ਹਾਂ ਨਾਂਹ ਮਰਦੇ ਹਾਂ
ਜ਼ਖਮ ਦਿਲੇ ਦਾ ਭਰਦੇ ਭਰਦੇ
ਇਕ ਜ਼ਮਾਨਾ ਬੀਤ ਗਿਆ
ਹੁਣ ਤਾਂ ਸਾਨੂੰ ਦਸ ਦੇ ਰਹਿਬਰ
ਮੰਜ਼ਲ ਦਾ ਕੋਈ ਅਤਾ ਪਤਾ
ਕਿਸ਼ਤਾਂ ਦੇ ਵਿਚ ਮਰਦੇ ਮਰਦੇ
ਇਕ ਜ਼ਮਾਨਾ ਬੀਤ ਗਿਆ ।

... ... ... ...

ਕੁਝ ਕਹਿੰਦੇ ਹਾਂ ਤਾਂ ਦੋਸਤੋ
ਕਟਦੀ ਜ਼ਬਾਨ ਹੈ

ਨਾ ਕਹੀਏ ਕੁਝ ਤਾਂ ਦਿਲ ਦੇ ਵਿਚ
ਨਾਸੂਰ ਨੇ ਹੋਂਦੇ ।

... ... ... ...

ਹੋਂਦ ਤੇ ਅਨ-ਹੋਂਦ ਵਿਚ ਹੈ ਸੂਝ ਭਟਕਦੀ ।
ਹੋਂਦ ਦਾ ਸੈਲਾਬ ਹੈ ਦਿਨ ਰਾਤ ਦੀ ਨਦੀ ।
ਸੁਰਜੀਤ ਤੇਰਾ ਮਨ ਹੈ ਅਜ ਗੰਗੋਤਰੀ ਦਾ ਰੂਪ
ਵਗਦੀ ਹੀ ਆ ਰਹੀ ਹੈ ਖਿਆਲਾਤ ਦੀ ਨਦੀ ।

... ... .. ...

ਹਵਾ ਤੇਰੇ ਜਿਸਮ ਦੀ ਮਹਿਕ ਨਾਲ ਮਹਿਕੇ,
ਤੇਰਾ ਸ਼ਹਿਰ ਹੈ ਕਿ ਕੋਈ ਪਰੀ ਲੋਕ ਹੈ ?

... ... ... ...

ਆਸ਼ਕ ਇਹ ਤੇਰੇ ਜਾਨ ਤੋਂ ਜਦ ਵੀ ਗੁਜ਼ਰ ਗਏ ।
ਚੁਮੇ ਕਦਮ ਬਹਾਰ ਨੇ ਜਿਧਰੋਂ ਗੁਜ਼ਰ ਗਏ ।

ਖਿਰਦਮੰਦ, ਤਲਿਸਮ, ਰੁਖਸਾਰ, ਦਾਨਿਸ਼, ਫਤੂਰ ਆਦ ਸ਼ਬਦਾਂ ਤੋਂ ਜੇ ਖੁਰਸ਼ੀਦੀ ਬਚ ਸਕੇ ਤਾਂ ਉਸਦੀ ਕਵਿਤਾ ਸੁਧਾ ਸੋਨਾ ਹੋ ਨਿਬੜੇ ।

ਸਵਾਦ ਸਵਾਦ ਹੋਇਆ ਮੈਂ ਇਕ ਇਕ ਨਜ਼ਮ, ਗ਼ਜ਼ਲ ਪੜ੍ਹਦਾ ਜਾ ਰਿਹਾ ਹਾਂ, ਤੇ ਮੇਰੇ ਯਾਰ ਦੀ ਮਹਿਕ ਮੇਰੇ ਸਾਹਾਂ ਵਿਚ ਰਚੀ ਹੋਈ ਹੈ । ਜੀਅ ਆਇਆਂ ਨੂੰ, ਖੁਰਸ਼ੀਦ ਦੇ ਸਰਜੀਤ ਖੁਰਸ਼ੀਦੀ । ਸਵਾਗਤ ਹੈ ਤੇਰਾ ।



Namdhari Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 269656
Phones : Office : 275938
Resi. : 213054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬,

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT

# NAMDHARI AGENCIES

2/2068 CHAH ANDARA,

(Behind Jubilee Cinema)

CHANDNI CHOWK, DELHI-110006



Namdhari Elibrary NamdhariElibrary@gmail.com

ਵਿਸ਼ੇਸ਼ ਧਾਰਮਕ ਲੇਖ

# ਦੇਹਧਾਰੀ ਗੁਰੂ ਦੇ ਸੰਦਰਭ ਵਿਚ

—ਮਹਾਰਾਜ ਬੀਰ ਸਿੰਘ ਜੀ

੨੨ ਜੁਲਾਈ ੧੯੭੮ ਦੇ 'ਅਜੀਤ' ਦੇ ਪੰਨਾ ੩ ਤੇ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਦੇ ਪੈਗੰਬਰ' ਅਤੇ 'ਨਕਲੀ ਨਿਰੰਕਾਰੀਆਂ ਦਾ ਅਸਲ ਰੂਪ—ਦੇਹਧਾਰੀ ਗੁਰੂਆਂ ਦੇ ਹਾਮੀ' ਦੇ ਸਿਰਲੇਖਾਂ ਹੇਠ ਸ੍ਰ. ਸਾਧੂ ਸਿੰਘ ਜੀ 'ਹਮਦਰਦ' ਅਤੇ ਡਾ. ਗੰਡਾ ਸਿੰਘ ਵਲੋਂ ਲੇਖ ਛਪੇ ਹਨ। ਇਹ ਲੇਖ ਹੋਨ ਤਾਂ ਸ੍ਰ. ਹਰਚਰਨ ਸਿੰਘ ਨਿਰਮਾਣ ਨਿਰੰਕਾਰੀ ਦੀ ਚਿੱਠੀ ਦੇ ਉਤਰ ਵਿਚ। ਨਿਰਮਾਣ ਜੀ ਨੇ ਜੋ ਖੋਜ ਕੀਤੀ ਹੈ ਅਤੇ ਉਸਦਾ ਪਰਿਣਾਮ ਲਿਖਿਆ ਹੈ ਉਹ ਗਲਤ ਹੈ ਜਾਂ ਸਹੀ ਹੈ, ਇਸਦੇ ਜਿੰਮੇਵਾਰ ਉਹ ਆਪ ਹਨ। ਮੈਨੂੰ ਇਹ ਸਤਰਾਂ ਏਥੇ ਇਸ ਲਈ ਲਿਖਣੀਆਂ ਪਈਆਂ ਹਨ ਕਿ ਹਮਦਰਦ ਜੀ ਅਤੇ ਡਾਕਟਰ ਗੰਡਾ ਸਿੰਘ ਨੇ 'ਦੇਹਧਾਰੀ' ਸਤਿਗੁਰੂ ਦੇ ਵਿਰੁੱਧ ਆਪਣੇ ਲੇਖਾਂ ਵਿਚ ਸਾਰਾ ਜ਼ੋਰ ਲਾਇਆ ਹੈ। ਆਪ ਹੀ ਨਹੀਂ, ਸਗੋਂ ਬਾਬਾ ਦਿਆਲ ਜੀ ਨਿਰੰਕਾਰੀ ਜੈਸੇ ਮਹਾਤਮਾ ਦੇ ਮੂਹੋਂ ਇਹ ਸ਼ਬਦ ਅਖਵਾਏ ਹਨ :—

'ਪਿਆਰਿਓ ਜਪੋ ਧੰਨ ਨਿਰੰਕਾਰ
ਜੋ ਦੇਹਧਾਰੀ ਸਭ ਖੁਆਰ'

ਡਾਕਟਰ ਸਾਹਿਬ ਆਪਣੇ ਲੇਖ ਵਿਚ ਮੰਨਦੇ ਹਨ :—

'ਬਾਬਾ ਦਿਆਲ ਜੀ ਤੋਂ ਬਾਅਦ ਇਸ ਨਿਰੰਕਾਰੀ ਮਿਸ਼ਨ ਦੇ ਆਗੂ ਬਾਬਾ ਦਰਬਾਰਾ ਸਿੰਘ ਜੀ (1835—1870), ਬਾਬਾ ਰਤਨ ਚੰਦ ਜੀ (ਪ੍ਰਸਿਧ ਸਾਹਿਬ ਰਤਾ ਜੀ) (1870—1909) ਬਾਬਾ ਗੁਰਦਿਤਾ ਜੀ (1909—1947) ਬਾਬਾ ਹਰਾ ਸਿੰਘ ਜੀ (1947—1971) ਹੋਏ ਹਨ ਅਤੇ ਹੁਣ ਬਾਬਾ ਗੁਰਬਖਸ਼ ਸਿੰਘ ਜੀ 'ਹਨ'।"

ਇਸਾਈਆਂ ਦੇ ਬਟਾਲਾ ਕੇਂਦਰ ਤੋਂ ਸਿੱਖ-ਅਧਿਐਨ ਦਾ ਬੁਲੀਟਿਨ ਜਿਲਦ ੭, ਨੰ: ੧, ਜਨਵਰੀ ੧੯੭੮ (Bulletin of the Christian Institute of Sikh Studies Vol. No. 1, January 1978) ਵਿਚ ਛਪੇ ਹੋਏ ਅੰਗਰੇਜ਼ੀ ਵਿਚ ਡਾ: ਮਾਨ ਸਿੰਘ ਜੀ ਨਿਰੰਕਾਰੀ ਦੇ ਨਿਮਨ ਲਿਖਿਤ ਹਵਾਲੇ ਪਾਠਕਾਂ ਦੀ ਗਿਆਤ ਲਈ ਦਿਤੇ ਜਾਂਦੇ ਹਨ। ਇਹ ਡਾ: ਮਾਨ ਸਿੰਘ ਜੀ, ਵਰਤਮਾਨ ਨਿਰੰਕਾਰੀ-ਗੁਰੂ (ਚੰਡੀਗੜ੍ਹ) ਬਾਬਾ ਗੁਰਬਖਸ਼ ਸਿੰਘ ਜੀ ਦੇ ਭਾਈ ਹਨ। ਡਾ. ਮਾਨ ਸਿੰਘ ਜੀ ਦਾ ਲੇਖ ਉਪਰੋਕਤ ਪੁਸਤਕ ਦੇ ਪੰਨਾਂ ੨ ਤੋਂ ੧੦ ਤੱਕ ਦੇਖਿਆ ਜਾ ਸਕਦਾ ਹੈ :

"੧੯੫੭ ਵਿਚ ਬਾਬਾ ਦਰਬਾਰਾ ਸਿੰਘ ਜੀ ਨੇ ਪਹਿਲੀ ਵਾਰੀ ਜਨਮ ਤੋਂ ਮਰਨ ਤੱਕ ਦੀਆਂ ਰਸਮਾਂ ਨੂੰ ਸਿਖੀ ਰੀਤਾਂ ਅਨੁਸਾਰ ਨਿਯਮ-ਬਧ ਕੀਤਾ ਅਤੇ 'ਹੁਕਮਨਾਮਾ' ਜਾਰੀ ਕੀਤਾ। (ਪੰਨਾ ੬)"

ਇਹ ਬਾਬਾ ਦਰਬਾਰਾ ਸਿੰਘ ਜੀ ਦੇਹਧਾਰੀ ਸਨ ਅਤੇ ਨਿਰੰਕਾਰੀ ਮਿਸ਼ਨ ਦੇ ਦੂਜੇ ਗੁਰੂ ਸਨ। ਨਿਰੰਕਾਰੀ ਮਤ ਅਨੁਸਾਰ—ਪਹਿਲੇ ਗੁਰੂ (ਜਿਵੇਂ ਗੁਰਿਆਈ ਦੇਣ ਦੀ ਕ੍ਰਿਆ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਜੀ ਨੂੰ ਗੁਰਗੱਦੀ ਦੇ ਕੇ ਚਲਾਈ ਸੀ—ਤਿਵੇਂ ਹੀ) ਆਪਣੀ ਜਗਾ ਆਪਣੇ ਉਤ੍ਰਾਧਿਕਾਰੀ ਨੂੰ ਨਿਯਤ ਕਰਦੇ ਹਨ। ਡਾ. ਮਾਨ ਸਿੰਘ ਜੀ ਦੀ ਇਸ ਲਿਖਤ ਅਨੁਸਾਰ ਬਾਬਾ ਦਰਬਾਰਾ ਸਿੰਘ ਜੀ ਨੇ ਆਪਣੇ ਆਪ ਨੂੰ ਦੇਹਧਾਰੀ ਗੁਰੂ ਤਸਵਰ ਕਰਦਿਆਂ ਹੋਇਆਂ ਹੁਕਮਨਾਮਾ ਜਾਰੀ ਕੀਤਾ ਸੀ। ਹੁਣ ਵੀ ਅਕਾਲ ਤਖਤ ਤੋਂ ਹੁਕਮਨਾਮਾ ਦੇਹਧਾਰੀ ਵਲੋਂ ਜਾਰੀ ਕੀਤਾ ਗਿਆ ਹੈ ਪਰ ਇਹ ਸਮਝ ਨਹੀਂ ਆ ਰਹੀ ਕਿ ਇਸ ਹੁਕਮਨਾਮੇਂ ਨੂੰ ਮੰਨਣ ਵਾਲੇ ਪ੍ਰਚਾਰ ਦੇਹਧਾਰੀ ਦੇ ਵਿਰੁਧ ਕਰ ਰਹੇ ਹਨ।

ਨਿਰੰਕਾਰੀ ਮਤ ਵਿਚ ਦੇਹਧਾਰੀ ਗੁਰੂ ਦੀ ਮਾਨਤਾ



Namdhari Elibrary NamdhariElibrary@gmail.com

ਦੀ ਪ੍ਰੋੜਤਾ ਨਿਰੰਕਾਰੀਆਂ ਦੇ ਲੇਖਾਂ ਤੋਂ ਜਗ੍ਹਾ ਜਗ੍ਹਾ ਤੇ ਮਿਲਦੀ ਹੈ। ਡਾ. ਮਾਨ ਸਿੰਘ ਜੀ ਇਸੇ ਲੇਖ ਵਿਚ ਪੰਨਾ ੨ ਤੇ ਲਿਖਦੇ ਹਨ :—

'ਬਾਬਾ ਦਰਬਾਰਾ ਸਿੰਘ ਜੀ ਦੇ ਦੇਹਾਂਤ ਹੋਣ ਤੇ ਬਾਬਾ ਰਤਾ ਜੀ 'ਗੁਰੂ ਬਣੇ।'

ਇਹ ਬਾਬਾ ਰਤਾ ਜੀ ਵੀ ਦੇਹਧਾਰੀ ਸਨ ਜੋ ਨਿਰੰਕਾਰੀ ਮਿਸ਼ਨ ਦੇ ਤੀਜੇ ਗੁਰੂ ਸਨ। ਅਪਣੇ ਗੁਰੂਆਂ ਦੀ ਗਿਣਤੀ ਦਸਦੇ ਹੋਏ ਡਾ. ਮਾਨ ਸਿੰਘ ਜੀ ਇਸੇ ਪੰਨੇ ਤੇ ਫਿਰ ਲਿਖਦੇ ਹਨ : —

"ਭਾਰਤ ਦੇ ਵੰਡਾਰੇ ਤੋਂ ਬਾਦ ਨਿਰੰਕਾਰੀਆਂ ਦੇ ਪੰਜਵੇ ਸੰਚਾਲਕ (ਗੁਰੂ) ਬਾਬਾ ਹਰਾ ਸਿੰਘ ਜੀ ਨੇ ਅਪਣਾ ਕੇਂਦਰ ਚੰਡੀਗੜ੍ਹ ਵਿਚ ਸਥਾਪਿਤ ਕੀਤਾ।"

ਇਹ ਬਾਬਾ ਹਰਾ ਸਿੰਘ ਜੀ ਵੀ ਦੇਹਧਾਰੀ ਸਨ ਜਿਨ੍ਹਾਂ ਦੇ ਬਾਰੇ ਇਸੇ ਪੈਰੇ ਵਿਚ ਡਾਕਟਰ ਜੀ ਲਿਖਦੇ ਹਨ ਕਿ ਉਹ ਆਪਣੇ ਪੂਰਵ-ਅਧਿਕਾਰੀਆਂ (ਜੋ ਕਿ ਦੇਹਧਾਰੀ ਸਨ) ਦੇ ਪਦ—ਚਿਨ੍ਹਾਂ ਤੇ ਚਲੇ।

ਇਹ ਨਿਰਨਾ ਪਾਠਕ ਆਪ ਹੀ ਕਰਨ ਕਿ ਕੀ ਬਾਬਾ ਦਿਆਲ ਜੀ ਨੇ 'ਜੋ ਦੇਹਧਾਰੀ ਸਭ ਖੁਆਰ' ਆਖਿਆ ਹੋਵੇਗਾ? ਉਹ ਆਪ ਦੇਹਧਾਰੀ ਸਨ, ਉਨ੍ਹਾਂ ਦੇ ਨਿਰੰਕਾਰੀ ਸਿੱਖ ਜਿਨਾਂ ਦੀ ਗਿਣਤੀ ਡਾਕਟਰ ਜੀ ਨੇ ੧੯੬੧ ਦੀ ਜਨ ਗਣਨਾਂ ਅਨੁਸਾਰ ੫੦੭੨੪ ਲਿਖੀ ਹੈ, ਉਹ ਵੀ ਦੇਹਧਾਰੀ ਸਨ।

ਬਾਬਾ ਦਿਆਲ ਜੀ ਨੇ ਬਾਬਾ ਦਰਬਾਰਾ ਸਿੰਘ ਜੀ ਨੂੰ ਅਪਣੇ ਉਤ੍ਰਾਧਿਕਾਰੀ ਨਿਯਤ ਕੀਤਾ ਉਹ ਵੀ ਦੇਹਧਾਰੀ ਸਨ ਅਤੇ ਹੁਣ ਤੱਕ ਇਹ ਮਰਯਾਦਾ ਨਿਰੰਕਾਰੀਆਂ ਅੰਦਰ ਸਹੀ ਰੂਪ ਵਿਚ ਚਲੀ ਆ ਰਹੀ ਹੈ।

ਬਾਬਾ ਦਿਆਲ ਜੀ ਆਪ ਦੇਹਧਾਰੀ ਅਤੇ ਉਨ੍ਹਾਂ ਦੇ ਜਾਨਸ਼ੀਨ ਵੀ ਦੇਹਧਾਰੀ, ਤਾਂ ਕੀ ਇਹ ਸਚ ਮੰਨਿਆ ਜਾ ਸਕਦਾ ਹੈ ਕਿ ਉਨਾਂ ਜੋ 'ਦੇਹਧਾਰੀ ਸਭ ਖੁਆਰ' ਆਖਿਆ ਹੋਵੇਗਾ।

'ਗੁਰਿਆਈ' ਦੇ ਅਰਥ ਨੂੰ ਸਪਸ਼ਟ ਕਰਦੇ ਹੋਏ ਡਾ. ਮਾਨ ਸਿੰਘ ਜੀ ਅਗੇ ਚਲਕੇ ਲਿਖਦੇ ਹਨ :—

"ਗੁਰਿਆਈ ਇਕ ਰਬੀ ਸ਼ਕਤੀ ਹੈ ਜਿਸ ਵਿਅਕਤੀ (ਦੇਹਧਾਰੀ) ਵਿਚ ਇਸ ਯੋਗ ਸਿਫਤਾਂ ਹੋਣ, ਜੋ ਲਾਸਾਨੀ ਹੋਵੇ, ਉਚ ਆਚਰਣ ਦਾ ਧਾਰਨੀ ਅਤੇ ਅਗਿਆਨ ਵਿਨਾਸ਼ ਦੀ ਸ਼ਕਤੀ ਰਖਦਾ ਹੋਵੇ, ਉਸੇ ਨੂੰ ਮਿਲਦੀ ਹੈ। ਉਹ ਸਭ ਤੇ ਦਇਆਵਾਨ, ਅਲੇਪ, ਜ਼ਾਤ ਮਜ਼ਬ, ਕੌਮੀਅਤ ਨੂੰ ਅਦ੍ਰਿਸ਼ਟ ਕਰਕੇ ਸਾਰੀ ਮਾਨਵ ਜਾਤੀ ਦਾ ਭਲਾ ਚਾਹੁੰਣ ਵਾਲਾ ਅਤੇ ਆਪਣਾ ਉਚ ਇਰਾਦਾ ਦ੍ਰਿੜ ਰਖਣ ਵਾਸਤੇ ਸਦਾ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਤਪਰ ਹੈ।"

ਉਪਰੋਕਤ ਸਿਫਤਾਂ ਦੇਹ ਧਾਰੀ ਵਿਚ ਹੀ ਹੋ ਸਕਦੀਆਂ ਹਨ— ਫਿਰ ਡਾਕਟਰ ਜੀ ਨੇ ਵਿਅਕਤੀ (Person) ਸ਼ਬਦ ਲਿਖਿਆ ਹੈ ਜੋ ਦੇਹਧਾਰੀ ਦਾ ਹੀ ਵਾਚਕ ਹੈ ਅਤੇ ਉਹ ਸੰਪੂਰਨ ਮਾਨਵ ਜਾਤੀ ਦਾ ਭਲਾ ਚਾਹੁਣ ਵਾਲਾ ਹੈ। ਇਕ ਪਾਸੇ ਤਾਂ ਸਾਰੀ ਮਾਨਵ ਜਾਤੀ (ਦੇਹਧਾਰੀ) ਦਾ ਭਲਾ ਚਾਹੁੰਣ ਵਾਲੇ ਦੀ ਸਿਫਤ ਹੈ ਅਤੇ ਦੂਜੇ ਪਾਸੇ ਡਾ. ਗੰਡਾ ਸਿੰਘ ਜੀ ਅਤੇ ਹਮਦਰਦ ਜੀ ਨਿਰੰਕਾਰੀ ਬਾਬਾ ਜੀ ਦੇ ਮੂੰਹੋਂ ਇਹ ਕਢਾਉਂਦੇ ਹਨ, "ਜੋ ਦੇਹਧਾਰੀ ਸਭ ਖੁਆਰ।"

"ਜੋ ਦੇਹਧਾਰੀ ਸਭ ਖੁਆਰ" ਦਾ ਅਰਥ ਜੇ ਗੁਰੂਆਂ ਤੇ ਨਹੀਂ ਲਾਗੂ, ਸੇਵਕਾਂ ਜਾਂ ਪਰਜਾ ਤੇ ਲਾਗੂ ਹੈ, ਤਾਂ ਕੀ ਬਾਬਾ ਦਿਆਲ ਜੀ ਪਰਜਾ ਜਾਂ ਸੇਵਕਾਂ ਦੇ ਵਿਨਾਸ਼ ਦੇ ਇਛੁਕ ਸਨ? ਇਹ ਮੰਨਣ ਵਿਚ ਨਹੀਂ ਆਉਂਦਾ, ਜੇ ਇਹ ਨਾਅਰਾ ਗੁਰੂਆਂ ਤੇ ਲਾਗੂ ਹੈ ਤਾਂ ਉਨ੍ਹਾਂ ਨੇ ਆਪਣੇ ਉਤ੍ਰਾਧਿਕਾਰੀ ਬਾਬਾ ਦਰਬਾਰਾ ਸਿੰਘ ਜੀ ਨਿਯਤ ਕੀਤੇ ਅਤੇ ਅਗੇ ਤੋਂ ਅਗੇ ਆਪਣੇ ਉਤ੍ਰਾਧਿਕਾਰੀ ਨਿਯਤ ਕਰਦੇ ਹੋਏ ਨਿਰੰਕਾਰੀ ਗੱਦੀ ਹੁਣ ਤੱਕ ਚਲੀ ਆ ਰਹੀ ਹੈ, ਤਾਂ ਕੀ ਇਹ ਮੰਨਣ ਯੋਗ ਹੈ ਕਿ ਬਾਬਾ ਦਿਆਲ ਜੀ ਜੈਸੇ ਧਰਮ-ਸੰਚਾਲਕ ਉਨ੍ਹਾਂ ਨੂੰ ਪਹਿਲਾਂ ਹੀ 'ਖੁਆਰ' ਹੋਣ ਦਾ ਸਰਾਫ਼ ਦੇ ਦੇਣ ਜਿਨ੍ਹਾਂ ਨੂੰ ਉਨ੍ਹਾਂ ਦੇ ਉਤ੍ਰਾਧਿਕਾਰੀਆਂ ਨੇ ਨਿਯਤ ਕਰਦੇ ਆਉਣਾ ਸੀ।

ਡਾ. ਗੰਡਾ ਸਿੰਘ ਜੀ ਦੇ ਲੇਖ ਅਨੁਸਾਰ "ਦਸ਼ਮੇਸ਼ ਜੀ ਨੇ ਦੇਹਧਾਰੀ ਗੁਰੂ ਦਾ ਸਿਲਸਲਾ ਸਦਾ ਲਈ ਖਤਮ



Namdhari Elibrary NamdhariElibrary@gmail.com

ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖਸ਼ ਦਿਤੀ ਸੀ :" ਇਸ ਤੋਂ ਇਹ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਦੇਹਧਾਰੀ ਹੋਏ ਹਨ, ਜਿਨ੍ਹਾਂ ਨੂੰ ਹਮਦਰਦ ਜੀ ਅਤੇ ਡਾ. ਗੰਡਾ ਸਿੰਘ ਜੀ ਮੰਨਦੇ ਹਨ। ਕੀ ਹਮਦਰਦ ਜੀ ਅਤੇ ਡਾ. ਗੰਡਾ ਸਿੰਘ ਜੀ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਜਦ ਇਹ ਗੁਰੂ ਦੇਹਧਾਰੀ ਸਨ ਤਾਂ ਕੀ ਬਾਬਾ ਦਿਆਲ ਜੀ ਦੇ "ਜੋ ਦੇਹਧਾਰੀ ਸਭ ਖੁਆਰ" ਦੇ ਨਾਅਰੇ ਦਾ ਅਰਥ ਇਨ੍ਹਾਂ ਦਸ ਗੁਰੂਆਂ ਤੇ ਕਿਵੇਂ ਲਾਗੂ ਨਹੀਂ ਹੁੰਦਾ ? ਹਮਦਰਦ ਜੀ ਨੇ ਲਿਖਿਆ ਹੈ ਕਿ "ਆਪਣੇ ਆਪ ਨੂੰ ਦੇਹਧਾਰੀ ਗੁਰੂ ਮੰਨਣ ਵਾਲੇ ਖੁਆਰ ਹੁੰਦੇ ਹਨ"। ਜਿਨਾਂ ਗੁਰੂਆਂ ਦੀ ਬਾਣੀ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਹੈ ਉਨ੍ਹਾਂ ਨੇ ਆਪਣੇ ਆਪ ਨੂੰ ਦੇਹਧਾਰੀ ਗੁਰੂ ਮੰਨਿਆ ਹੈ। ਦੇਹਧਾਰੀ ਤਾਂ ਉਨ੍ਹਾਂ ਨੂੰ ਡਾਕਟਰ ਜੀ ਅਤੇ ਹਮਦਰਦ ਜੀ ਮੰਨਦੇ ਹੀ ਹਨ ਪਰ ਗੁਰੂ ਹੋਣ ਦਾ ਸੰਕੇਤ ਜੋ ਗੁਰਬਾਣੀ ਵਿਚੋਂ ਮਿਲਦਾ ਹੈ ਉਹ ਅਕੱਟ ਹੈ। ਦੂਜੇ, ਤੀਜੇ, ਚੌਥੇ, ਪੰਜਵੇ, ਨੌਵੇਂ ਅਤੇ ਦਸਵੇਂ ਪਾਤਸ਼ਾਹ ਨੇ ਆਦਿ ਸ੍ਰੀ ਗਰੰਥ ਸਾਹਿਬ ਵਿਚ ਆਪਣੇ ਆਪ ਨੂੰ "ਨਾਨਕ" ਲਿਖਿਆ ਹੈ ਜੋ ਕਿ ਉਨ੍ਹਾਂ ਦੀ ਅਸਲੀ ਸੰਗਿਆ ਨਹੀਂ ਸੀ। ਇਹ ਉਨ੍ਹਾਂ ਨੇ ਆਪਣੀ ਪਦਵੀ ਦਾ ਸੂਚਕ ਹੀ ਲਿਖਿਆ ਹੈ। ਫਿਰ ਮਹਲਾ ਤੀਜਾ, ਪੰਜਵਾਂ ਜਾਂ ਨੌਵਾਂ ਆਦਿਕ ਗੁਰੂ ਜੀ ਵਲੋਂ ਆਪ ਹੀ ਲਿਖਿਆ ਗਿਆ ਹੈ ਜੋ ਉਨ੍ਹਾਂ ਦੇ ਤੀਜੇ, ਪੰਜਵੇ ਜਾਂ ਨੌਵੇਂ 'ਨਾਨਕ' ਹੋਣ ਦਾ ਲਖਾਇਕ ਹੈ। ਇਸ ਤਰਾਂ, ਹਮਦਰਦ ਜੀ ਦੇ ਲਿਖਣ ਅਨੁਸਾਰ ਬਾਬਾ ਦਿਆਲ ਜੀ ਦਾ ਬੋਲਾ 'ਜੋ ਦੇਹਧਾਰੀ ਸਭ ਖੁਆਰ' ਇਨ੍ਹਾਂ ਗੁਰੂਆਂ ਤੇ ਲਾਗੂ ਹੁੰਦਾ ਹੈ। 'ਸਭ' ਸ਼ਬਦ, ਗੁਰੂ, ਚੇਲੇ, ਰਾਜਾ, ਪ੍ਰਜਾ, ਜੀਵ, ਜੰਤੂ, ਪਸ਼ੂ, ਪੰਛੀ ਸਾਰਿਆਂ ਤੇ ਲਾਗੂ ਹੁੰਦਾ ਹੈ। ਜੈਸੇ "ਸਭ ਜੀਅ ਤੇਰੇ ਤੂੰ ਸਭਸ ਦਾ"......(ਧਨਾਸਰੀ ਮਹਲਾ ੪' ਤਾਂ ਕੀ, ਬਾਬਾ ਦਿਆਲ ਜੀ ਇਨਾਂ ਸਭਨਾਂ ਦੇ ਵਿਨਾਸ਼ ਇਛਕ ਸਨ ?

ਡਾ. ਗੰਡਾ ਸਿੰਘ ਜੀ ਨੇ ਅਪਣੇ ਲੇਖ ਵਿਚ ਇਹ ਦਸਣ ਦਾ ਜਤਨ ਕੀਤਾ ਹੈ ਕਿ ਨਿਰੰਕਾਰੀ ਅਤੇ ਨਾਮਧਾਰੀ ਦਸ ਗੁਰੂਆਂ ਤੱਕ ਹੀ ਮੰਨਦੇ ਹਨ ਅਤੇ ਗੁਰੂ ਗਰੰਥ ਸਾਹਿਬ ਦੇ ਸ਼ਰਧਾਲੂ ਹਨ। ਆਪ ਲਿਖਦੇ ਹਨ :—

'ਨਿਰੰਕਾਰੀ ਅਤੇ ਨਾਮਧਾਰੀ ਮਹਾਂ ਪੁਰਖ ਆਪਣੇ ਆਪ ਨੂੰ ਦਸੇ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਸ਼ਰਧਾਲੂ ਮੰਨਦੇ ਆ ਰਹੇ ਹਨ, ਅਤੇ ਇਨ੍ਹਾਂ ਦੀ ਪੂਜਾ ਪ੍ਰਤਿਸ਼ਠਾ ਕਰਦੇ ਹਨ'।

ਡਾ. ਮਾਨ ਸਿੰਘ ਜੀ ਦੇ ਅੰਗਰੇਜ਼ੀ ਵਿਚ ਛਪੇ ਹੋਏ ਜਿਸ ਲੇਖ ਦੇ ਹਵਾਲੇ ਉਪਰ ਦਿਤੇ ਗਏ ਹਨ, ਉਸੇ ਵਿਚ ਉਨ੍ਹਾਂ 'ਗੁਰੂ' ਬਾਰੇ ਅਪਣੇ ਵੀਚਾਰ ਲਿਖੇ ਹਨ ਉਨ੍ਹਾਂ ਦਾ ਅਨੁਵਾਦ ਨਿਮਤ ਲਿਖਤ ਹੈ :—

'ਗੁਰੂ ਦੇ ਤਿੰਨ ਰੂਪ ਹਨ – ਨਿਰਗੁਣ (ਬਿਨਾਂ ਕਿਸੇ ਤਰਾਂ ਦੇ ਸਰੂਪ ਅਤੇ ਚਿਨ੍ਹ) ਸਰਗੁਣ (ਗੁਰੂ ਨਾਨਕ ਦੀ ਤਰ੍ਹਾਂ ਦੇਹਧਾਰੀ ਜਿਸਦੇ ਚਿਨ੍ਹ ਵੀ ਹਨ) ਅਤੇ ਗੁਰਸ਼ਬਦ (ਮਹਾਨ ਕੋਸ਼ ਵਿਚ 'ਗੁਰ ਸ਼ਬਦ' ਦਾ ਅਰਥ, ਸਤਿਗੁਰੂ ਅਤੇ ਸਤਿਗੁਰੂ ਦਾ ਵਾਕ ਲਿਖਿਆ ਹੈ ਮ. ਕੋਸ਼ ਪੰਨਾ ੩੧੧ ਦੂਜੀ ਛਾਪ) ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' ਜੋ ਗੁਰੂ ਨਾਨਕ ਜੀ ਨੇ ਸਿਧ ਗੋਸਟਿ ਵਿਚ ਲਿਖਿਆ ਹੈ। ਇਸ ਤਰਾਂ ਗ੍ਰੀਬ ਈਸਾਈ—ਵਿਸ਼ਵਾਸ ਦੀ ਤਰਾਂ ਗੁਰੂ ਦੇ ਤਿੰਨ ਭਾਗ ਹਨ, ਜਿਵੇਂ ਪਿਤਾ 'ਨਿਰਗੁਣ' ਪੁਤ੍ਰ ਸਰਗੁਣ ਅਤੇ ਪਵਿਤ੍ਰ ਰੂਹ 'ਗੁਰਸ਼ਬਦ'। ਪ੍ਰਮਾਤਮਾ ਸਭ ਮਾਨਵ ਜਾਤੀ ਦਾ ਗੁਰੂ ਹੈ। ਉਸ ਦਾ ਸਾਨੀ ਅਤੇ ਵਿਰੋਧ ਕੋਈ ਨਹੀਂ। ਕੋਈ ਫਾਨੀ ਜੀਵ ਉਸ ਤੇ ਹਾਵੀ ਨਹੀਂ ਹੋ ਸਕਦਾ ਨਾ ਹੀ ਉਸ ਦੀ ਇਛਾ ਵਿਰੁਧ ਕੁਛ ਕਰ ਸਕਦਾ ਹੈ। ਆਦਿ ਗ੍ਰੰਥ 'ਗੁਰ ਸ਼ਬਦ' ਦੀ ਹੈਸੀਅਤ ਕਰਕੇ ਨਿਰੰਕਾਰੀਆਂ ਵਿਚ ਬਹੁਤ ਸਤਿਕਾਰਿਆ ਜਾਂਦਾ ਹੈ ਕਿਉਂਕਿ ਇਸ ਵਿਚੋਂ ਰੂਹਾਨੀ—ਵਿਧਾਨ ਮਿਲਦਾ ਹੈ ਅਤੇ ਸਰਗੁਣ ਗੁਰੂ ਇਸ ਵਿਚ ਦਿਤੇ ਹੋਏ ਉਪਦੇਸ਼ਾਂ ਅਨੁਸਾਰ ਚਲਦਾ ਹੈ। ਕਦੀ ਐਸਾ ਮੌਕਾ ਵੀ ਆ ਸਕਦਾ ਹੈ ਜਦ ਕਿ ਸਰਗੁਣ ਗੁਰੂ ਦੇਹ ਕਰਕੇ ਹਾਜ਼ਰ ਨਾ ਹੋਵੇ"......

ਉਪਰੋਕਤ ਪੈਰੇ ਦਾ ਆਖਰੀ ਫਿਕਰਾ ਮੂਲ ਰੂਪ ਵਿਚ ਨਾ-ਮੁਕੰਮਲ ਹੈ ਅਤੇ ਅਨੁਵਾਦ ਵਿਚ ਵੀ ਏਵੇਂ ਹੀ ਰਹਿਣ ਦਿਤਾ ਹੈ। ਡਾਕਟਰ ਜੀ ਨੇ ਗੁਰੂ ਮੰਨਣ ਬਾਰੇ ਨਿਰੰਕਾਰੀ ਸਿਧਾਂਤ ਵਿਚ ਦਸ ਗੁਰੂ ਸਾਹਿਬਾਨ ਦਾ ਕਿਤੇ ਰੰਚਕ ਮਾਤ੍ਰ ਵੀ ਜ਼ਿਕਰ ਨਹੀਂ ਕੀਤਾ ਕਿ ਨਿਰੰਕਾਰੀਆਂ ਵਿਚ ਉਨਾਂ ਨੂੰ



Namdhari Elibrary NamdhariElibrary@gmail.com

ਮੰਨਿਆਂ ਜਾਂਦਾ ਹੈ। ਬਾਕੀ ਉਨਾਂ ਦੇ ਵੀਚਾਰ ਪਾਠਕਾਂ ਸਾਹਮਣੇ ਹਨ। ਜਿਨ੍ਹਾਂ ਤੋਂ ਨਿਰੰਕਾਰੀ ਭਾਵਨਾ ਗੁਰੂ ਮੰਨਣ ਦੇ ਸੰਬੰਧ ਵਿਚ ਜਾਣੀ ਜਾ ਸਕਦੀ ਹੈ। ਇਹ ਵਿਸ਼ਾ ਉਨ੍ਹਾਂ ਦਾ ਆਪਣਾ ਹੈ ਕੇਵਲ ਪਾਠਕਾਂ ਦੀ ਜਾਣਕਾਰੀ ਵਾਸਤੇ ਸੰਖੇਪ ਵਿਚ ਵਰਨਣ ਕੀਤਾ ਗਿਆ ਹੈ।

ਅਸੀਂ ਨਾਮਧਾਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਦਸ ਗੁਰੂ ਹੀ ਨਹੀਂ ਉਨ੍ਹਾ ਤੋਂ ਅਗਾਂਹ ਵੀ ਦੇਹਧਾਰੀ ਸਤਿਗੁਰੂਆਂ ਨੂੰ ਮੰਨਦੇ ਹਾਂ। ਆਦਿ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ ਨੂੰ ਸਤਿਗੁਰਾਂ ਦੀ ਪਵਿਤ੍ਰ ਬਾਣੀ ਮੰਨਦੇ ਹੋਏ ਨਮਸਕਾਰ ਕਰਦੇ ਹਾਂ ਅਤੇ ਸਕੇਸ਼ ਇਸ਼ਨਾਨ ਕੀਤੇ ਬਿਨਾਂ ਤਾਬਿਆ ਨਹੀਂ ਬੈਠਦੇ, ਪਾਠ ਨਹੀਂ ਕਰਦੇ। ਸਾਡਾ ਇਹ ਨਿਸ਼ਚਾ ਹੈ ਕਿ ਦੇਹਧਾਰੀ ਸਤਿਗੁਰੂ ਦੀ ਸਰਨ ਆਏ ਬਿਨਾਂ, ਦੇਹਧਾਰੀ ਤੋਂ ਗੁਰਮੰਤ੍ਰ ਲਏ ਬਿਨਾਂ ਪੁਰਸ਼ ਦੀ ਮੁਕਤੀ ਨਹੀਂ ਹੁੰਦੀ। ਇਹ ਨਿਸ਼ਚਾ ਗੁਰਬਾਣੀ ਅਨੁਸਾਰ ਹੈ। ਸਾਰੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਸਤਿਗੁਰੂ ਦੀ ਸਿਫਤ 'ਦੇਹਧਾਰੀ' ਦੀ ਹੀ ਲਿਖੀ ਹੈ। ਵਿਸਥਾਰ ਵਿਚ ਨਾ ਜਾਂਦਿਆਂ ਹੋਇਆਂ ਕੁਛ ਪੰਕਤੀਆਂ ਅੰਕਿਤ ਕੀਤੀਆਂ ਜਾਂਦੀਆਂ ਹਨ।

ਸਤਿਗੁਰੂ ਦੇ ਨੇਤ੍ਰ :—ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ (੧੩੯੨)

—ਕ੍ਰਿਪਾ ਕਟਾਖ੍ਯ ਅਵਿਲੋਕਣ ਕੀਨੋ ਦਾਸ ਕਾ ਦੂਖ—
—ਬਿਦਾਰਿਓ... (੬੮੧)

ਸਤਿਗੁਰੂ ਦਾ ਚੇਹਰਾ :—ਸਜਣ ਮੁਖ ਅਨੂਪ ਅਠੇ ਪਹਿਰ ਨਿਹਾਲਸਾ (੧੧੦੦)

ਸਤਿਗੁਰੂ ਬੋਲਣ ਵਾਲਾ ਹੈ :—

ਸਤਿਗੁਰ ਬਚਨ ਤੁਮਾਰੇ.........(੪੦੬)
ਮੇਰੈ ਮਨ ਮਿਸਟ ਲਗੇ ਪ੍ਰਿਅ ਬੋਲਾ.........(੧੨੧੧)
ਗੁਰੂ ਰਸਨਾ ਅੰਮ੍ਰਿਤ ਬੋਲਦੀ.........(੭੨੬)

ਸਤਿਗੁਰੂ ਦੇ ਕੰਨ ਹਨ, ਉਹ ਸੁਣਦਾ ਹੈ :—

ਦੀਨ ਦਇਆਲ ਸਗਲ ਭੈ ਭੰਜਨ
ਇਕ ਬਿਨਉ ਸੁਣਹੁ ਦੇ ਕਾਨੋ.........(੨੨੦)

ਸਤਿਗੁਰੂ ਦੇ ਹੱਥ ਹਨ :—

ਸੇ ਮਥੇ ਨਿਹਚਲ ਰਹੇ ਜਿਨ ਗੁਰਿ
ਧਾਰਿਆ ਹਥੁ.........(੪੯)

ਸਤਿਗੁਰੂ ਦਾ ਸਰੀਰ ਹੈ, ਮੁਖ ਹੈ, ਉਹ ਛਕਦਾ ਹੈ ਅਤੇ ਵਸਤ੍ਰ ਪਹਿਨਦਾ ਹੈ ਅਤੇ ਉਸਦੇ ਵਚਨ ਸੁਣੇ ਜਾਂਦੇ ਹਨ :—

ਤਿਸ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ
ਬਹੁ ਬਿਧਿ ਸਤਿ ਕਰ ਮੁਖਿ ਸੰਚਹੁ ਤਿਸ ਪੁੰਨ
ਕੀ ਫਿਰਿ ਤੋਟਿ ਨ ਆਵੈ। ਸਤਿਗੁਰ ਦੇਉ
ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥
(੧੨੬੪)

ਸਤਿਗੁਰੂ ਦੇ ਚਰਨ :—

ਸੋ ਸੀਸ ਭਲਾ ਪਵਿਤ੍ਰ ਪਵਿਤ੍ਰ ਪਾਵਨ ਹੈ ਮੇਰੀ
ਜਿੰਦੁੜੀਏ ਜੋ ਜਾਇ ਲਗੇ ਗੁਰ ਪੈਰੇ ਰਾਮ—(੫੪੦)

ਸਿਖ ਅਪਣੇ ਸਤਿਗੁਰੂ ਦੇ ਚਰਨ ਚਟਣ ਦੀ ਇਛਾ ਕਰਦਾ ਹੈ :—

ਸਤਿ ਗੁਰ ਚਾਟਉ ਪਗ ਚਾਟ—(੧੨੯੭)

ਸਤਿਗੁਰੂ ਅਤੇ ਸਿਖ ਦਾ ਸਬੰਧ : ਸਿਖ ਦੀ ਆਪਣੇ ਸਤਿਗੁਰੂ ਦੇ ਦਰਸ਼ਨਾਂ ਲਈ, ਸਤਿਗੁਰੂ ਦੇ ਮੂੰਹੋਂ ਬਚਨ ਸੁਣਨ ਦੀ ਤੜਪ ਅਤੇ ਸਤਿਗੁਰੂ ਦੇ ਦਰਸ਼ਨਾਂ ਦੀ ਮਹਾਨਤਾ ਜਿਸ ਦੇ ਸਾਮਣੇ ਇਸ ਦੁਨੀਆਂ ਦੇ ਨਹੀਂ ਬਲਕਿ ਇਸ ਤੋਂ ਬਾਦ ਦੇ ਮੁਕਤੀ ਅਤੇ ਬੈਕੁੰਠ ਆਦਿ ਦੇ ਸੁਖ ਵੀ ਇਸ ਦੇ ਤੁਲ ਨਹੀਂ ਮੰਨੇ ਗਏ। ਉਹ ਸਤਿਗੁਰੂ ਰਾਮ ਦਾਸ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੰਖੇਪ ਵਿਚ ਅੰਕਿਤ ਕੀਤੀ ਜਾਂਦੀ ਹੈ।

ਦਰ ਦਰਸਨ ਦਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰਹਿ ਕਿਆ
...(ਆਸਾ ਮਹਲਾ ੧—੩੬੦)

ਜੇ ਗੁਰ ਝਿੜਕੇ ਤਾ ਮੀਠਾ ਲਾਗੈ ਜੇ ਬਖਸੇ ਤ ਗੁਰ
ਵਡਿਆਈ......'ਸੂਹੀ ਅਸਟਪਦੀਆਂ-ਮਹਲਾ-੪-੭੫੮)

ਕੋਟਿ ਲਾਖ ਰਾਜਸੁਖ ਪਾਏ ਇਕ ਨਿਮਖ ਪੇਖਿ ਦ੍ਰਿਸਟਾਨਾ
ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ ਸੁਖ ਨਾਨਕ
ਅੰਤ ਨ ਜਾਨਾ—(ਸਾਰੰਗ ਮਹਲਾ ੫—੧੨੧੩)

ਉਪਰੋਕਤ ਪੰਕਤੀਆਂ ਦੇ ਅਰਥ ਦਸਣ ਦੀ ਲੋੜ ਨਹੀਂ ਪੜ੍ਹਨ ਤੋਂ ਹੀ ਸਮਝ ਆ ਜਾਂਦੀ ਹੈ ਕਿ ਏਹ ਦੇਹਧਾਰੀ



Namdhari Elibrary NamdhariElibrary@gmail.com

ਤੇ ਹੀ ਘਟੀਆਂ ਹਨ । ਕੀ ਐਸੀਆਂ ਸਿਫਤਾਂ ਵਾਲੇ ਸਤਿਗੁਰੂ ਸੰਮਤ ੧੫੨੬ ਤੋਂ ੧੭੬੫ ਤਕ ਹੀ ਸੀਮਿਤ ਰਹਿਣੇ ਸਨ ? ਜੇ ਹੁਣ ਕੋਈ ਦੇਹਧਾਰੀ ਸਤਿਗੁਰੂ ਨਹੀਂ ਹੋ ਸਕਦਾ ਤਾਂ ਕੀ ਆਦਿ ਸ੍ਰੀ ਗਰੰਥ ਸਾਹਿਬ ਵਿਚ ਸ੍ਰੀ ਗੁਰੂ ਰਾਮ ਦਾਸ ਜੀ ਦਾ ਇਹ ਕਥਨ ਝੂਠਾ ਹੈ ?

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ
ਗੁਰੂ ਚਲੰਦੀ.. (ਸ੍ਰੀ ਰਾਗ—੭੯)

ਜਿਵੇਂ ਹੁਣ ਆਦਿ ਸ੍ਰੀ ਗਰੰਥ ਸਾਹਿਬ ਨੂੰ ਜੁਗੋ ਜੁਗ ਅਟਲ ਦਸਿਆ ਜਾਣ ਲਗ ਪਿਆ ਹੈ ਤਾਂ ਇਸ ਤਰਾਂ 'ਸਦ ਪੀੜੀ ਗੁਰੂ ਚਲੰਦੀ' ਵਾਲਾ ਗੁਰ ਵਾਕ (ਇਹਨਾਂ ਦੇ ਵਿਚਾਰ ਅਨੁਸਾਰ) ਝੂਠਾ ਹੈ । ਡਾ: ਗੰਡਾ ਸਿੰਘ ਜੀ ਨੇ ਆਪਣੇ ਲੇਖ ਵਿਚ ਲਿਖਿਆ ਹੈ—

'ਦਸਮ ਪਾਤਸ਼ਾਹ ਨੇ ਦੇਹਧਾਰੀ ਗੁਰੂ ਦਾ ਸਿਲਸਿਲਾ ਸਦਾ ਲਈ ਖਤਮ ਕਰਕੇ ਸ੍ਰੀ ਗੁਰੂ ਗਰੰਥ, ਸਾਹਿਬ ਜੀ ਨੂੰ ਗੁਰਿਆਈ ਬਖਸ਼ ਦਿਤੀ ਸੀ'
(ਕਾਲਮ ੫)

ਕੀ ਦਸ਼ਮੇਸ਼ ਜੀ ਨੇ ਆਦਿ ਸ੍ਰੀ ਗਰੰਥ ਸਾਹਿਬ ਵਿਚ ਲਿਖੇ ਹੋਏ 'ਸਦ ਪੀੜੀ ਗੁਰੂ ਚਲੰਦੀ' ਵਾਲੇ' ਸਿਧਾਂਤ ਨੂੰ ਤੋੜ ਕੇ ਅਤੇ ਉਸੇ ਹੀ ਗਰੰਥ ਸਾਹਿਬ ਨੂੰ ਗੁਰੂ ਸੰਥਾਪਨ ਕਰ ਦਿਤਾ ? ਡਾਕਟਰ ਸਾਹਿਬ ਬੜੇ ਖੋਜੀ ਹਨ । ਅਫਗਾਨਿ-ਸਤਾਨ ਦੇ ਗੁਰਦਵਾਰਿਆਂ ਵਿਚ ਰੱਖੀਆਂ ਹੋਈਆਂ ਆਦਿ ਸ੍ਰੀ ਗਰੰਥ ਸਾਹਿਬ ਦੀਆਂ ਕਿਤਨੀਆਂ ਹੀ ਬੀੜਾਂ ਦੇ ਹਵਾਲੇ ਆਪ ਨੇ ਆਪਣੇ ਸੰਪਾਦਿਤ ਕੀਤੇ ਹੋਏ 'ਇਤਿਹਾਸਕ ਪਤਰ ਵਿਚ ਦਿਤੇ ਹਨ । ਇਹ ਬੀੜਾਂ ਦਸ਼ਮੇਸ਼ ਜੀ ਦੇ ਹਜ਼ੂਰ ਸਾਹਿਬ (ਨੰਦੇੜ) ਵਾਲੇ ਕੌਤਕ ਤੋਂ ਕਰੀਬ ੧੦੦ ਸਾਲ ਪਿਛੋਂ ਦੀਆਂ ਲਿਖੀਆਂ ਹੋਈਆਂ ਹਨ । ਇਹਨਾਂ ਬੀੜਾਂ ਦੇ ਆਰੰਭ ਵਿਚ ਪੋਥੀ ਸਾਹਿਬ' ਜਾਂ 'ਗਰੰਥ ਜੀ' ਸ਼ਬਦ ਲਿਖਿਆ ਹੈ । ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗਰੰਥ ਸਾਹਿਬ ਨੂੰ ਗੁਰੂ ਥਾਪਿਤ ਕੀਤਾ ਹੁੰਦਾ ਤਾਂ ਲਿਖਾਰੀ ਏਡੀ ਵਡੀ ਅਵਗਿਆ ਦੇ ਨਹੀਂ ਕਰ ਸਕਦੇ । ਜੇ ਸ੍ਰੀ ਦਸ਼ਮੇਸ਼ ਜੀ ਨੇ ਦੇਹਧਾਰੀ ਗੁਰੂ ਦਾ ਸਿਲਸਿਲਾ ਸਦਾ ਲਈ ਖਤਮ ਕਰ ਦਿਤਾ ਹੁੰਦਾ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਦੇਹਧਾਰੀ ਗੁਰ ਗਦੀ ਪਰੰਪਰਾ ਵਿਚ ਏਡੀ ਵਡੀ ਤਬਦੀਲੀ ਕੀਤੀ ਹੁੰਦੀ ਤਾਂ ਜਿਸ ਆਦਿ ਸ੍ਰੀ ਗਰੰਥ ਸਾਹਿਬ ਨੂੰ ਗੁਰੂ ਸਥਾਪਨ ਕੀਤਾ ਹੁੰਦਾ ਉਸ ਵਿਚ ਹਜ਼ੂਰ ਇਸ ਸਬੰਧੀ ਲਿਖਤੀ ਰੂਪ ਵਿਚ ਜ਼ਰੂਰ ਕੋਈ ਹੁਕਮ ਸਾਦਰ ਫਰਮਾਉਂਦੇ ।

ਨਦੇੜ ਵਾਲੇ ਕੌਤਕ ਤੋਂ ੯੨ ਸਾਲ ਪਿਛੋਂ ਜਦ ਸਿੰਘਾਂ ਦਾ ਅਫਗਾਨਾਂ ਨਾਲ ਬੜਾ ਭਾਰੀ ਜੰਗ ਗੁਜਰਾਤ ਦੇ ਪਾਸ (ਇਹ ਗੁਜਰਾਤ ਸ਼ਹਿਰ ਪੱਛਮੀ ਪੰਜਾਬ ਵਿਚ ਹੈ) ਹੋਇਆ (ਜਿਸ ਵਿਚ ਸ਼ਾਹ ਚੀਂ ਖਾਨ ਮਾਰਿਆ ਗਿਆ) ਅਤੇ ਸਿੰਘਾਂ ਤੇ ਬੜੀ ਭਾਰੀ ਭੀੜ ਬਣੀ ਤਦ ਪੰਜ ਸਿੰਘਾਂ ਇਕੱਠੇ ਹੋ ਕੇ ਸ੍ਰੀ ਦਸ਼ਮੇਸ਼ ਜੀ ਅਗੇ ਅਰਦਾਸ ਕੀਤੀ ਕਿ ਐਸੇ ਵੇਲੇ ਆਪ ਕ੍ਰਿਪਾ ਕਰਕੇ ਪੰਥ ਦੀ ਲਾਜ ਰਖੋ । ਸ੍ਰੀ ਗੁਰੂ ਜੀ ਨੇ ਕਈ ਸਿੰਘਾਂ ਨੂੰ ਦਰਸ਼ਨ ਵੀ ਦਿਤੇ, ਸਹਾਇਤਾ ਕੀਤੀ ਅਤੇ ਮੈਦਾਨ ਸਿੰਘਾਂ ਦੇ ਹੱਥ ਰਿਹਾ । ਸ੍ਰੀ ਦਸ਼ਮੇਸ਼ ਜੀ ਆਪ ਦੇਹ-ਧਾਰੀ ਸਨ, ਜੇ ਦੇਹਧਾਰੀ ਦਾ ਸਿਲਸਲਾ ਸਦਾ ਲਈ ਖਤਮ ਕੀਤਾ ਹੁੰਦਾ ਅਤੇ ਸ੍ਰੀ ਗਰੰਥ ਸਾਹਿਬ ਜੀ ਗੁਰੂ ਸਥਾਪਨ ਕੀਤੇ ਹੁੰਦੇ ਤਾਂ ਸਿੰਘ ਦਸਮ ਪਾਤਸ਼ਾਹ ਅਗੇ ਅਰਦਾਸ ਨਾ ਕਰਦੇ ਸਗੋਂ ਸ੍ਰੀ ਗਰੰਥ ਸਾਹਿਬ ਜੀ ਅਗੇ ਕਰਦੇ । ਉਪਰੋਕਤ ਇਤਿਹਾਸਕ ਪ੍ਰਮਾਨ ਉਹ ਹਨ ਜਿਹਨਾਂ ਬਾਰੇ ਕੋਈ ਵਿਵਾਦ ਨਹੀਂ ।

ਜੇ ਦਸਮ ਪਾਤਸ਼ਾਹ ਨੇ ਦੇਹਧਾਰੀ ਗੁਰੂ ਦਾ ਸਿਲਸਿਲਾ ਸਦਾ ਲਈ ਖਤਮ ਕਰ ਦਿਤਾ ਹੁੰਦਾ ਤਾਂ ਉਹ ਸਿੰਘਾਂ ਨੂੰ ਹੁਕਮ ਦੇ ਦਿੰਦੇ ਕਿ ਅਸੀਂ ਦੇਹਧਾਰੀ ਦਾ ਸਿਲਸਿਲਾ ਖਤਮ ਕਰ ਦਿਤਾ ਹੈ ਅਤੇ ਹੁਣ ਸ੍ਰੀ ਗਰੰਥ ਸਾਹਿਬ ਜੀ ਗੁਰੂ ਹਨ ਤੁਸੀਂ ਉਹਨਾਂ ਅਗੇ ਅਰਦਾਸ ਕਰੋ । ਗਿ: ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਹ ਕਥਾ ਲਿਖੀ ਹੈ । ਪਾਠਕਾਂ ਦੀ ਜਾਣਕਾਰੀ ਵਾਸਤੇ ਉਸਦਾ ਬਹੁਤ ਸੰਖੇਪ ਹਵਾਲਾ ਨਿਮਨ-ਲਿਖਤ ਹੈ :—

ਜਸਾ ਸਿੰਘ ਆਦਿਕ ਸਰਦਾਰੇਂ ।
ਅਸ ਦੁੜਾਇ ਦੁੜਾਇ ਅਗਾਰੇਂ ।
ਹਾਥ ਜੋੜ ਸਭ ਪੰਥ ਅਗਾਰੀ ।



Namdhari Elibrary NamdhariElibrary@gmail.com

ਬਾਰ ਬਾਰ ਇਮ ਬਿਨੈ ਉਚਾਰੀ ।
ਔਹ ਖਾਲਸਾ ਜੋ ਅਬ ਦੌਰੈਂ ।
ਛੋਡ ਹਿੰਗੇ ਨਹਿ ਅਰਿ ਕਿਸ ਠੌਰੈਂ ।
ਮੁਲਕ ਸੰਭਾਲ ਤੁਰਕ ਸਭ ਲੈਹੈਂ ।
ਤੁਮੈ ਸਹਿੰਦੇ ਤੁਰਕ ਬਨੇ ਹੈਂ ।
ਪਾਰੋ ਸਿੰਘ ਨਾਮ ਕੀ ਲਾਜੈਂ ।
ਸਮਰਿਓ ਨਾਹਿ ਬਿਗਾਰੋ ਕਾਜੈ ।
ਜੀਤੀ ਬਾਜੀ ਅਬ ਨਹਿ ਹਾਰੋ ।
ਸ੍ਰੀ ਕਲਗੀਧਰ ਤਈਂ ਚਿਤਾਰੋ ।
ਯੋ ਸਮਝਾ ਕਰ ਧੀਰ ਧਰੇਕੈ ।
ਪਾਂਚ ਸਿੰਘਨ ਕੋ ਖੜੇ ਕਰੇਕੈ ।
ਗੁਰ ਆਗੇ ਅਰਦਾਸ ਕਰਾਈ ।
ਦੀਨ ਹੋਇ ਬਹੁ ਬਿਨੈ ਅਲਾਈ ।
ਅਹੋ ਕ੍ਰਿਪਾਲ ਬਿਸਾਲ ਪ੍ਰਤਾਪੀ ।
ਪਾਰਕ ਸਿਖ ਅਸਿਖਨ ਖਾਪੀ ।
ਭੀਰ ਪਰੀ ਦਾਸਨ ਕੇ ਜਹਿ ਜਹਿ ।
ਰਖਜਾ ਕਰੀ ਆਪਨੇ ਤਹਿ ਤਹਿ...।
ਪਾਲੋ ਲਾਜ ਬਿਰਦ ਸੰਭਾਰੋ ।
ਵਖਤ ਪਰਯੋ ਅਬ ਪੰਥੋ ਭਾਰੋ ।
ਅੰਤਰਜਾਮੀ ਸਰਬਗਯ ਸ੍ਵਾਮੀ ।
ਸਰਬ ਸਕਤਿ ਮਨ ਘਟ ਘਟ ਗਾਮੀ ।
ਦੇਖ ਦੀਨਤਾ ਸਿੰਘਨ ਕੇਰੀ ।
ਕਲਗੀਧਰ ਨਭ ਬਾਨੀ ਦੇਰੀ ।
ਅਹੋ ਖਾਲਸਾ ਤੁਮ ਜੈ ਪਾਵੋ ।
ਸਮੁਖ ਸਤ੍ਰ ਹੋਵ ਜੰਗ ਮਚਾਵੋ ।
ਏਹੁ ਹੁਕਮ ਸੁਨ ਸਿੰਘ ਹੁਲਸਾਏ ।
ਝਟ ਪਟ ਘਨ ਘਟ ਜਿਉਂ ਉਮੜਾਏ ।
ਕਚਿਤ ਸਿਦਕੀ ਸਿੰਘਨ ਤਾਏਂ ।
ਦਰਸ਼ਨ ਦਸਮ ਗੁਰੂ ਕੇ ਥਾਏ ।

(ਪੰਥ ਪ੍ਰਕਾਸ਼ ਛਾਪਕ ਭਾਸ਼ਾ ਵਿਭਾਗ,
ਪੰਜਾਬ ਪੰਨਾ-੧੧੦੨-੩)

ਉਪਰੋਕਤ ਪੰਕਤੀਆਂ ਤੋਂ ਦੋ ਤੱਥ, ਪੰਜ ਪਿਆਰਿਆਂ ਨੂੰ ਅਤੇ ਪੰਥ ਨੂੰ ਗੁਰਿਆਈ ਦੇਣ ਬਾਰੇ ਵੀ ਸਪਸ਼ਟ ਹੋ ਜਾਂਦੇ ਹਨ । ਪੰਜਾਂ ਸਿੰਘਾਂ ਨੇ ਬਿਪਤਾ ਵੇਲੇ ਅਰਦਾਸ ਕੀਤੀ । ਜੇ ਉਹ ਗੁਰਿਆਈ ਲੈ ਚੁਕੇ ਹੁੰਦੇ ਤਦ ਉਹਨਾਂ ਨੂੰ ਅਰਦਾਸ ਕਰਨ ਦੀ ਲੋੜ ਪ੍ਰਤੀਤ ਨਾ ਹੁੰਦੀ । ਇਸੇ ਤਰਾਂ ਜੇ 'ਪੰਥ' ਨੂੰ ਗੁਰਿਆਈ ਮਿਲੀ ਹੁੰਦੀ ਤਾਂ ਇਹ ਅਰਦਾਸ ਕਰਨ ਦੀ ਕੀ ਲੋੜ ਸੀ. ਕਿ ਵਖਤ ਪਰਯੋ ਅਬ ਪੰਥੇ ਭਾਰੋ' । ਤਾਂ ਤੇ ਸ੍ਰੀ ਗਰੰਥ ਸਾਹਿਬ ਨੂੰ, ਪੰਜਾਂ ਪਿਆਰਿਆਂ ਨੂੰ ਜਾਂ ਪੰਥ ਨੂੰ ਗੁਰਿਆਈ ਦੇਣ ਵਾਲੀ ਗਲ ਅਸਲੋਂ ਨਿਰਮੂਲ ਹੈ ।

'ਪੀੜੀ' ਸ਼ਬਦ ਦਾ ਅਰਥ ਹੈ 'ਵੰਸ਼ ਜੋ ਕੇਵਲ ਦੇਹਧਾਰੀ ਨਾਲ ਹੀ ਸਬੰਧਿਤ ਹੈ । ਦੇਹਧਾਰੀ ਸਤਿਗੁਰੂ ਦੀ ਜੋ ਮ੍ਰਯਾਦਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤੀ, ਸ੍ਰੀ ਗੁਰੂ ਅੰਗਦ ਜੀ ਨੂੰ ਗੁਰਗਦੀ ਦੇ ਕੇ ਅਗੇ ਤੋਂ ਅਗੇ ਗੁਰਗਦੀ ਚਲਦੀ ਰਖਨ ਲਈ ਆਖਿਆ 'ਸਾਰਾ ਕਲਿਜੁਗ ਭੋਗਸੀ ਨਾਨਰ ਧਰ ਅਵਤਾਰ 'ਜਿਸ ਦੀ ਪਰੋੜਤਾ ਸਤੇ ਬਲਵੰਡ ਦੀ ਵਾਰ ਵਿਚੋਂ ਮਿਲਦੀ ਹੈ "ਨਾਨਕ ਰਾਜ ਚਲਾਇਆ ਸਚ ਕੋਟਸਤਾਣੀ ਨੀਵਦੇ" । ਪੀੜੀ ਦੀ ਵਿਆਖਿਆ ਜੋ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਇਹਨਾਂ ਪੰਕਤੀਆਂ ਤੋਂ ਮਿਲਦੀ ਹੈ ਕਿਤਨੀ ਸਪਸ਼ਟ ਹੈ ।

ਗੁਰਿ ਬਾਬੇ ਫਿਟਕੇ ਸੇ ਫਿਟੇ,
ਗੁਰਿ ਅੰਗਦਿ ਕੀਤੇ ਕੂੜਿਆਰੇ ।
ਗੁਰਿ ਤੀਜੀ ਪੀੜੀ ਵੀਚਾਰਿਆ ।
ਕਿਆ ਹਥਿ ਏਨਾ ਵੀਚਾਰੇ ।
ਗੁਰੁ ਚਉਥੀ ਪੀੜੀ ਟਿਕਿਆ,
ਤਿਨਿ ਨਿੰਦਕ ਦੁਸਟ ਸਭ ਤਾਰੇ ।

......ਵਾਰ ਗਉੜੀ-੩੦੭

ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ, ਦੂਜੀ ਪੀੜੀ, ਸ੍ਰੀ ਗੁਰੂ ਅੰਗਦ ਜੀ ਤੀਜੀ ਪੀੜੀ ਸ੍ਰੀ ਗੁਰੂ ਅਮਰਦਾਸ ਜੀ ਅਤੇ ਚੌਥੀ ਪੀੜੀ ਇਹਨਾਂ ਪੰਕਤੀਆਂ ਦੇ ਲਿਖਣਹਾਰ ਸ੍ਰੀ ਗੁਰੂ ਰਾਮ ਦਾਸ ਜੀ ਆਪ ਇਸੇ ਤਰਾਂ ਸਤਿ ਗੁਰੂ ਦੀ ਪੀੜੀ ਸਦਾ ਲਈ ਚਲਦੀ ਰਹਿਣ ਦਾ ਸਿਧਾਂਤ ਸ੍ਰੀ ਗੁਰੂ ਰਾਮਦਾਸ ਜੀ ਨੇ 'ਸਦ ਪੀੜੀ ਗੁਰੂ ਚਲੰਦੀ' ਲਿਖ ਦਿਤਾ ਹੈ । ਆਦਿ ਸ੍ਰੀ ਗ੍ਰੰਥ ਸਾਹਿਬ ਦੀਆਂ ਇਹ ਪੰਕਤੀਆਂ ਇਤਨੀਆਂ ਸਰਲ ਹਨ ਜਿਨਾਂ ਨੂੰ ਸਮਝਣ ਲਈ ਕੁਛ ਵੀ ਕਠਿਨਾਈ ਨਹੀਂ ।



Namdhari Elibrary NamdhariElibrary@gmail.com

ਆਮ ਸਿਖ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੋਏ ਦੇ ਦੂਰੋਂ ਦਰਸ਼ਨ ਹੀ ਕਰਦੇ ਹਨ। ਨਾਂ ਉਹਨਾਂ ਅੰਦਰ ਇਹ ਰੁਚੀ ਹੈ ਨਾਂ ਹੀ ਦੁਨੀਆਆਵੀ ਕੰਮਾ ਵਲੋਂ ਇੰਨਾ ਸਮਾਂ ਕਢਦੇ ਹਨ ਕਿ ਗ੍ਰੰਥ ਸਾਹਿਬ ਦਾ ਪਾਠ ਕਰਨ। ਪਾਠ ਤਾਂ ਪੰਜ ਗਰੰਥੀਆਂ ਦਾ ਵੀ ਕਦੇ ਨਹੀਂ ਕਰਦੇ। ਅਤੇ ਇਤਿਹਾਸ ਪੜਨ ਦੀ ਗਲ ਤਾਂ ਬਹੁਤ ਦੂਰ ਦੀ ਹੋ ਗਈ ਹੈ।

ਇਸ ਸਮੇਂ ਵਿਚ 'ਹੁਨਰ' ਦਾ ਪ੍ਰਭਾਵ ਹੈ, ਸਚ ਦਾ ਨਹੀਂ। ਸੋ ਕਿਸੇ ਅਣਹੋਂਦ ਨੂੰ ਹੋਂਦ ਵਿਚ ਲਿਖ ਲਿਖਕੇ ਬਦਲ ਦੇਣਾ, ਇਸ ਹੁਨਰ ਵਿਚ ਡਾਕਟਰ ਸਾਹਿਬ ਬਹੁਤ ਯੋਗਤਾ ਰਖਦੇ ਹਨ। ਇਥੇ ਦੇਹਧਾਰੀ ਗੁਰੂ ਦਾ ਸਿਲਸਿਲਾ ਬੰਦ ਕਰ ਦਿਤਾ ਦਸਣ ਵਿਚ ਅਤੇ 'ਜੋ ਦੇਹਧਾਰੀ ਸਭ ਖੁਆਰ' ਦਸਣ ਵਿਚ ਉਹਨਾਂ ਆਪਣੀ ਯੋਗਤਾ ਦਾ ਪ੍ਰਗਟਾਓ ਕੀਤਾ ਹੈ। ਪਰ ਸਚ ਸੋਨਾਂ ਹੈ। ਜੇ ਉਹ ਹਨੇਰੀਆਂ ਦੀ ਮਿਟੀ ਵਿਚ ਦਬਿਆ ਜਾਂਦਾ ਹੈ ਤਾਂ ਜਦੋਂ ਵੀ ਨਿਕਲਦਾ ਹੈ, ਨਾ ਉਸ ਨੂੰ ਜਰ ਲਗਦੀ ਹੈ ਨਾਂਹੀ ਉਸਦੀ ਕੀਮਤ ਘਟਦੀ ਹੈ। ਸੋ ਸਤਿਗੁਰੂ ਨਾਨਕ ਦੇਵ ਜੀ ਦਾ ਦੇਹਧਾਰੀ ਗੁਰੂ ਦੀ ਗੱਦੀ ਚਲਦੀ ਰਹਿਣ ਦਾ ਸਿਧਾਂਤ ਅਟੱਲ ਹੈ। ਕੁਛ ਸਮੇਂ ਲਈ ਡਾਕਟਰ ਸਾਹਿਬ ਆਪਣੇ ਹੁਨਰ ਦਾ ਲਾਭ ਉਠਾ ਸਕਦੇ ਸਨ ਪਰ ਇਹ ਲਾਭ ਸਥਿਰ ਨਹੀਂ ਰਹਿ ਸਕਦਾ ਅਤੇ ਸਚ ਦੀ ਜ਼ੋ ਜ਼ਰੂਰੀ ਹੋਇਗੀ।

ਹਮਦਰਦ ਸਾਹਿਬ ਬੜੇ ਸੂਝਵਾਨ ਪਤਰਕਾਰ ਹਨ। ਪਤਾ ਨਹੀਂ ਉਹਨਾਂ ਨੂੰ ਕਿਉਂ ਇਹ ਭੁਲ ਗਿਆ ਹੈ ਕਿ ਭਾਰਤ ਵਿਚ ਸਦੀਆਂ ਤੋਂ ਵਖ ਵਖ ਧਰਮ ਵਿਸ਼ਵਾਸ਼ੀ ਲੋਕ ਵਸਦੇ ਚਲੇ ਆ ਰਹੇ ਹਨ। ਕਿਸੇ ਦੇ ਵਿਸ਼ਵਾਸ਼ ਨੂੰ ਆਪਣੇ ਗੁਣਾਂ ਨਾਲ ਕੋਈ ਜਿਤ ਸਕਦਾ ਹੈ, ਪਰ ਜ਼ਬਰਦਸਤੀ ਤਾਂ ਮੁਗਲ ਹਕੂਮਤ ਵੇਲੇ ਵੀ ਹਿੰਦੂ, ਸਿੱਖਾਂ ਨੂੰ ਮੁਸਲਮਾਨ ਨਹੀਂ ਬਣਾਇਆ ਜਾ ਸਕਿਆ। ਬਾਰ ਬਾਰ ਲੇਖਾਂ ਅਤੇ ਖਬਰਾਂ ਰਾਹੀਂ ਇਹ ਹਵਾ ਫੈਲਾਉਣੀ 'ਦੇਹਧਾਰੀ ਗੁਰੂਆਂ ਵਿਰੁਧ ਰੋਸ' ਜਾਂ 'ਜੋ ਦੇਹਧਾਰੀ ਸਭ ਖੁਆਰ', ਪੰਜਾਬ ਵਿਚ ਵਸਦੇ ਲੋਕਾਂ ਦੇ ਅਮਨ ਨੂੰ ਖਰਾਬ ਕਰਨ ਵਾਲੀ ਗਲ ਹੈ ਜੇ ਇਹ ਲਿਖਣ ਵਿਚ ਉਹਨਾਂ ਦਾ ਕੋਈ ਰਾਜਸੀ ਮੰਤਵ ਹੈ ਤਾਂ ਵੀ ਉਨਾਂ ਜੇਸੀ ਸੁਲਝੀ ਹੋਈ ਵਅਕਤੀ ਲਈ ਇਹ ਕਰਨਾ ਉਚਿਤ ਨਹੀਂ।

ਹਮਦਰਦ ਸਾਹਿਬ ਅਤੇ ਡਾਕਟਰ ਗੰਡਾ ਸਿੰਘ ਜੀ ਨੂੰ ਚਾਹੀਦਾ ਹੈ ਕਿ ਜਿਸ ਗ੍ਰੰਥ ਸਾਹਿਬ ਨੂੰ ਉਹ 'ਗੁਰੂ' ਮੰਨਦੇ ਹਨ। ਜੋ ਉਸ ਵਿਚ ਲਿਖਿਆ ਹੈ ਉਸ ਨੂੰ ਮੰਨਣ ਅਤੇ ਲੋਕਾਂ ਵਿਚ ਗਲਤ ਪ੍ਰਚਾਰ ਕਰਕੇ ਜਾਂ ਲਿਖ ਕੇ ਦਸਣ ਦਾ ਯਤਨ ਨਾ ਕਰਨ। ਸ੍ਰੀ ਸਤਿਗੁਰ ਰਾਮ ਸਿੰਘ ਜੀ ਦਾ ਹੁਕਮ ਹੈ "ਝੂਠ ਵਿਚ ਫੁਰਤੀ ਚਲਾਕੀ ਤਾਂ ਬਹੁਤ ਹੈ ਪਰ ਦਮ ਨਹੀਂ ਸਚ ਬਰਾਬਰ"।


FOR BEST QUALITY & PERFORMANCE

Ask for

**JAYSON PRODUCTS**



- ELECTRIC MOTORS
- GRINDERS
- POLISHERS
- EXHAUST FANS

Show Room :

JAYSON SALES CORPN.
3832/10 Shardha Nand Marg
(G. B Road)
Behind M. C. Primary School,
NEW DELHI-110006.
Phone : 525795

Manufacturers

**Jayson Electric Company**

Factory :

WH-2, PHASE 1
Industrial Area,
Sat Guru Ram Singh Marg,
Maya Puri, NEW DELHI-110064

Sister concern :

**Jayson Enterprises**

WH-4, Phase 1
Industrial Area,
Sat Guru Ram Singh Marg,
Maya Puri, NEW DELHI-110064




Namdhari Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :



- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE PUNJAB GOVT. QUALITY MARK

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ ।

TRADE **JASPAL** MARK

Grams : HABI INDUSTRIES

Phone : 2737

# *HABI INDUSTRIES (Regd.)*

**10 Industrial Area**

**PHAGWARA—144401 (Pb.)**



Namdhari Elibrary NamdhariElibrary@gmail.com

# ਤਾਲਸਤਾਇ ਅਤੇ ਭਾਰਤੀ ਸਾਹਿਤ

ਪ੍ਰਸਿਧ ਹਿੰਦ ਵਿਗਿਆਨੀ ਪ੍ਰੋ. ਏਵਰਾਨੀ ਚੇਲੀਸ਼ੇਵ



ਸੋਵੀਅਤ ਯੂਨੀਅਨ ਦੇ ਪ੍ਰਸਿਧ ਲੇਖਕ ਅਤੇ 'ਜੰਗ ਤੇ ਅਮਨ' ਵਰਗੇ ਸੰਸਾਰ ਪ੍ਰਸਿਧ ਨਾਵਲ ਦੇ ਕਰਤਾ ਲਿਉ ਤਾਲਸਤਾਇ ਦੀ 150 ਵੀਂ ਵਰ੍ਹੇ ਗੰਢ ਨੂੰ ਸਮਰਪਤ ਲੇਖ।

ਸੋਵੀਅਤ ਸਾਹਿਤਕ ਆਲੋਚਕ ਸ਼ਿਫਮਾਨ ਅਨੁਸਾਰ ਲਿਉ ਤਾਲਸਤਾਏ ਨੇ ਸਦਾ ਆਪਣੇ ਆਪ ਨੂੰ ਉਸ ਮਹਾਨ ਰੂਸੀ ਸਾਹਿਤ ਦਾ ਪ੍ਰਤੀਨਿਧ ਸਮਝਿਆ ਜਿਸਨੇ ਦੂਜੇ ਸਾਹਿਤਾਂ ਨਾਲ ਦੋਸਤਾਨਾ ਸੰਬੰਧ ਰਖੇ ਹਨ ਅਤੇ ਸਾਰੇ ਸੰਸਾਰ ਨੂੰ ਨਿਸ਼ਕਾਮਤਾ ਨਾਲ ਆਪਣੀ ਅਮੀਰੀ ਦਾ ਭਾਈਵਾਲ ਬਣਾਇਆ ਹੈ। ਇਹ ਗਲ ਬਿਨਾ ਅਤਿਕਥਨੀ ਦੇ ਆਖੀ ਜਾ ਸਕਦੀ ਹੈ ਕਿ ਕਿਸੇ ਦੂਜੇ ਰੂਸੀ ਸਾਹਿਤਕਾਰ ਨੇ ਭਾਰਤੀ ਲੋਕਾਂ, ਭਾਰਤ ਦੇ ਸਭਿਆਚਾਰਕ ਵਿਕਾਸ ਤੇ ਸਾਹਿਤ ਉਤੇ ਇੰਨਾ ਪਰਭਾਵ ਨਹੀਂ ਪਾਇਆ ਜਿੰਨਾ ਲਿਉ ਤਾਲਸਤਾਏ ਨੇ ਪਾਇਆ ਹੈ। ਗੁਲਾਮ ਤੇ ਲੁਟਚੋਂਘ ਦਾ ਸ਼ਿਕਾਰ ਮਨੁੱਖ ਦੀ ਭਰਪੂਰ ਹਿਮਾਇਤ ਦੇ ਆਧਾਰ ਤੇ ਅਤੇ ਹਰ ਰੂਪ ਵਿਚ ਮਨੁੱਖ ਦੇ ਹਥੋਂ ਮਨੁੱਖ ਦੀ ਲੁਟਚੋਂਘ ਦੀ ਕਰੜੀ ਵਿਰੋਧਤਾ ਦੇ ਆਧਾਰ ਤੇ ਉਹ ਭਾਰਤੀ ਜਨਤਾ ਦੇ ਨੇੜੇ ਰਿਹਾ ਤੇ ਅੱਜ ਵੀ ਹੈ।

ਤਾਲਸਤਾਏ ਨੇ ਕਿਸਾਨਾਂ ਦੀ ਬੇਕਿਰਕ ਲੁਟਚੋਂਘ ਦੀ ਨਿਖੇਧੀ ਕੀਤੀ ਜਿਨ੍ਹਾਂ ਨੂੰ ਕੋਈ ਅਧਿਕਾਰ ਪਰਾਪਤ ਨਹੀਂ ਸੀ ਅਤੇ ਜਿਹੜੇ ਭੁਖਮਰੀ ਦਾ ਸ਼ਿਕਾਰ ਸਨ। ਇਹ ਜ਼ਾਰਸ਼ਾਹੀ ਰੂਸ ਅਤੇ ਗੁਲਾਮ ਭਾਰਤ ਦੋਹਾਂ ਲਈ ਹੀ ਲਾਹਨਤ ਸੀ, ਇਸੇ ਲਈ ਤਾਲਸਤਾਏ ਦੀਆਂ ਰਚਨਾਵਾਂ ਦਾ ਸਮਾਜਕ ਪੱਖ ਕੇਵਲ ਕੌਮੀ ਹੀ ਨਹੀਂ ਸਗੋਂ ਬਹੁਤ ਭਾਰੀ ਕੌਮਾਂਤਰੀ ਮਹੱਤਤਾ ਰਖਦਾ ਹੈ। ਤਾਲਸਤਾਏ ਦੀਆਂ ਰਚਨਾਵਾਂ ਨੇ ਭਾਰਤੀ ਪਾਠਕਾਂ ਦਾ ਦਿਲ ਕੇਵਲ ਇਸ ਲਈ ਨਹੀਂ ਜਿਤਿਆ ਕਿ ਉਹਨਾਂ ਵਿਚ ਪਾਤਰ ਉਸਾਰੀ ਦੀ ਅਥਾਹ ਕਲਾਮਈ ਸ਼ਕਤੀ ਸੀ ਸਗੋਂ ਇਸ ਲਈ ਵੀ ਕਿ ਇਹਨਾਂ ਵਿਚ ਅਸਲ ਮਨੁੱਖ ਦੋਸਤੀ ਸੀ ਜੋ ਕਿਰਤੀ ਲੋਕਾਂ ਦੇ ਡੂੰਘੇ ਸਤਿਕਾਰ ਤੇ ਧਨਾਢਾਂ ਦਾ ਅਸਲੀ ਚਿਹਰਾ ਨੰਗਾ ਕਰਨ ਵਿਚ ਆਪਣੇ ਆਪ ਨੂੰ ਪਰਗਟ ਕਰਦੀ ਹੈ। ਲੇਨਿਨ ਨੇ ਆਖਿਆ ਸੀ: "ਕਰੋੜਾਂ ਕਿਸਾਨਾਂ ਦਾ ਰੋਸ ਤੇ ਉਹਨਾਂ ਦੀ ਨਿਰਾਸ਼ਾ ਦਾ ਸੁਮੇਲ ਤਾਲਸਤਾਏ ਦੇ ਸਿਧਾਂਤ ਵਿਚ ਉਜਾਗਰ ਸਨ।"

ਭਾਰਤ ਦੀ ਕੌਮੀ ਆਜ਼ਾਦੀ ਦੀ ਲਹਿਰ ਦੇ ਕਈ ਉਘੇ ਆਗੂਆਂ ਨੇ ਰੂਸੀ ਕਿਰਤੀ ਲੋਕਾਂ ਦੀ ਇਨਕਲਾਬੀ ਜਮਾਤਾਂ



Namdhari Elibrary NamdhariElibrary@gmail.com

ਚੇਤਨਾ ਨੂੰ ਜਗਾਉਣ ਵਿਚ ਤਾਲਸਤਾਏ ਦੇ ਉਘੇ ਰੋਲ ਨੂੰ ਚੰਗੀ ਤਰ੍ਹਾਂ ਅਨੁਭਵ ਕੀਤਾ। ਜਿਵੇਂ ਭਾਰਤੀ ਸਾਹਿਤਕਾਰ ਬਨਾਰਸੀਦਾਸ ਚਤੁਰਵੇਦੀ ਨੇ 1960 ਵਿਚ ਸੋਵੀਅਤ ਸਾਹਿਤਕਾਰਾਂ ਦੀ ਕਾਂਗਰਸ ਵਿਚ ਆਖਿਆ ਕਿ, "ਉਸਨੇ ਗਰੀਬ ਤੇ ਗੁਲਾਮ ਮਨੁੱਖ ਨਾਲ ਆਪਣੀ ਸੁਹਿਰਦ ਹਮਦਰਦੀ ਰਾਹੀਂ ਸਾਡੇ ਸਾਹਿਤਕਾਰਾਂ ਉਤੇ ਬਹੁਤ ਭਾਰੀ ਪਰਭਾਵ ਪਾਇਆ। ਉਸਦੇ ਉਤਮ ਮਾਨਵਵਾਦੀ ਵਿਚਾਰਾਂ ਨੇ ਸਾਰੇ ਵਤਨੀਆਂ ਦੇ ਦਿਲਾਂ ਵਿਚ ਨਿੱਘਾ ਹੁੰਗਾਰਾ ਜਗਾਇਆ।"

ਇਹ ਕੋਈ ਸਬੱਬੀ ਗੱਲ ਨਹੀਂ ਸੀ ਕਿ ਤਾਲਸਤਾਏ ਨੇ ਪੂੰਜੀਵਾਦੀ ਸਮਾਜ ਉਤੇ ਨੁਕਤਾਚੀਨੀ, ਬਸਤੀਵਾਦ ਦੀ ਨਿਖੇਧੀ ਅਤੇ ਬੇਇਨਸਾਫੀ, ਜਬਰ ਤੇ ਜ਼ੁਲਮ ਦੇ ਵਿਰੁਧ ਜ਼ੋਰਦਾਰ ਆਵਾਜ਼ ਉਚੀ ਕਰਨ ਵਾਲੇ ਭਾਰਤੀ ਸਾਹਿਤਕਾਰਾਂ ਉਤੇ ਸਭ ਤੋਂ ਵਧ ਪਰਭਾਵ ਪਾਇਆ। ਕਈ ਭਾਰਤੀ ਸਾਹਿਤਕਾਰਾਂ ਨੇ ਤਾਲਸਤਾਏ ਦੇ ਸਮਾਜੀ ਹੀਰੋ ਦੇ ਚਰਿਤਰ ਨੂੰ ਅਪਣਾਇਆ, ਜੋ ਆਪਣੇ ਵਾਤਾਵਰਨ ਤੋਂ ਦੁਖੀ ਹੈ ਤੇ ਅਖੀਰ ਉਸ ਨਾਲੋਂ ਸੰਬੰਧ ਤੋੜ ਲੈਂਦਾ ਹੈ। ਜਿਵੇਂ ਯਸ਼ਪਾਲ, ਅੰਮ੍ਰਿਤਲਾਲ ਨਾਗਰ ਆਦਿ ਦੇ ਕਈ ਪਾਤਰ ਅਜਿਹੇ ਹੀ ਹਨ।

ਤਾਲਸਤਾਏ ਦੇ ਮਾਨਵਵਾਦ ਦੇ ਉਹ ਪਖ ਭਾਰਤੀ ਸਾਹਿਤਕਾਰਾਂ ਲਈ ਵਿਸ਼ੇਸ਼ ਤੌਰ ਤੇ ਖਿੱਚਭਰਪੂਰ ਹਨ ਜੋ ਉਹਨਾਂ ਦੀਆਂ ਆਪਣੀਆਂ ਸਭਿਆਚਾਰਕ ਤੇ ਆਤਮਕ ਰਵਾਇਤਾਂ ਦੇ ਨੇੜੇ ਹਨ।

ਆਮ ਮਨੁੱਖ ਦੀ ਦਿਆਨਤਦਾਰੀ, ਦਲੇਰੀ ਤੇ ਜੀਵਨ ਨਾਲ ਪਿਆਰ, ਜਿਸਨੂੰ ਤਾਲਸਤਾਏ ਨੇ ਰੂਪਮਾਨ ਕੀਤਾ ਹੈ, ਕ੍ਰਿਸ਼ਨ ਚੰਦਰ, ਬਕਾਜੀ, ਸ਼ੰਕਰ ਪਿੱਲੇ ਤੇ ਚੰਦਰਕਾਂਤ ਕਾਕੋਦਰ ਦੇ ਪਾਤਰਾਂ ਦੇ ਬਹੁਤ ਨੇੜੇ ਹੈ। ਸ਼ਰਤ ਚੰਦਰ ਚਟੋਪਾਧਿਆਏ, ਜੈਨੇਂਦਰ ਕੁਮਾਰ ਤੇ ਅੰਮ੍ਰਿਤਲਾਲ ਨਾਗਰ ਨੇ ਤਾਲਸਤਾਏ ਦੇ, ਮਨੁੱਖੀ ਸਮਾਜ ਪ੍ਰਤੀ ਮਨੁਖ ਦੀ ਨਿੱਜੀ ਤੇ ਸਦਾਚਾਰਕ ਜ਼ਿੰਮੇਵਾਰੀ ਦੇ ਵਿਸ਼ੇ ਨੂੰ ਲਿਆ ਹੈ।

ਕਈ ਭਾਰਤੀ ਸਾਹਿਤਕਾਰਾਂ ਨੇ ਮਨੁੱਖ ਦੇ ਅੰਤਰੀਵ ਸੰਸਾਰ ਨੂੰ ਪਰਗਟ ਕਰਦੇ ਸਮੇਂ ਤਾਲਸਤਾਏ ਤੋਂ ਸਿਖਿਆ ਹੈ ਕਿ ਮਨੋਵਗਿਆਨ ਨਿਰੀਖਣ ਨੂੰ ਜੀਵਨ ਦੇ ਵਿਸ਼ਾਲ ਇਤਿਹਾਸਕ ਪਿਛੋਕੜ ਦੇ ਬਿਆਨ ਅਤੇ ਸਦਾਚਾਰਕ ਤੇ ਦਾਰਸ਼ਨਿਕ ਵਿਆਖਿਆ ਨਾਲ ਕਿਵੇਂ ਜੋੜਿਆ ਜਾਵੇ। ਉਦਾਹਰਣ ਵਜੋਂ, ਵੱਡੀ ਹਦ ਤਕ ਤਾਲਸਤਾਏ ਦੇ "ਜੰਗ ਅਤੇ ਅਮਨ" ਨਾਵਲ ਸਦਕਾ ਭਾਰਤ ਦੇ ਮਹਾਂਕਾਵਿਕ ਨਾਵਲ ਦਾ ਜਨਮ ਤੇ ਵਿਕਾਸ ਹੋਇਆ। "ਜੰਗ ਅਤੇ ਅਮਨ" ਭਾਰਤੀ ਸਾਹਿਤਕਾਰਾਂ ਲਈ ਇਕ ਨਮੂਨਾ ਹੈ ਜਿਸ ਦੀ ਮਦਦ ਨਾਲ ਉਹ ਡੂੰਘੀ ਕੌਮੀ ਭਾਵਨਾ ਤੇ ਬਹੁਤ ਕਲਾਮਈ ਰੂਪ ਵਾਲੀਆਂ ਰਚਨਾਵਾਂ ਨੂੰ ਜਨਮ ਦੇਂਦੇ ਹਨ ਅਤੇ ਵਿਸ਼ਾਲ ਇਤਿਹਾਸਕ ਪਿਛੋਕੜ ਵਿਚ ਅਤੇ ਮਹੱਤਵ-ਪੂਰਨ ਸਮਾਜੀ ਵਾਪਰਨਾਵਾਂ ਨਾਲ ਸੰਬੰਧਾਂ ਦੇ ਆਧਾਰ ਤੇ ਪਾਤਰਾਂ ਦੀ ਹੋਣੀ ਨੂੰ ਪ੍ਰਤੀਬਿੰਬਤ ਕਰਦੇ ਹਨ।

ਭਾਰਤੀ ਸਾਹਿਤਕਾਰ ਤਾਲਸਤਾਏ ਦੇ ਸਮਾਜਕ ਯਥਾਰਥਵਾਦ ਨੂੰ ਰਚਨਾਤਮਕ ਕਲਾ ਕਿਰਤ ਵਿਚ ਸਮੋਂਦੇ ਹਨ। ਉਹਨਾਂ ਨੇ ਉਸਦੀ ਸਚ ਬੋਲਣ ਦੇ ਤੱਥ ਨੂੰ ਅਤੇ ਵਿਰੋਧਾਂ ਨੂੰ ਬੇਕਿਰਕੀ ਨਾਲ ਨੰਗਾ ਕਰਨ ਦੇ ਢੰਗ ਨੂੰ ਅਪਣਾਇਆ। ਪ੍ਰੇਮ ਚੰਦ ਨੇ 1914 ਵਿਚ ਲਿਖਿਆ ਕਿ ਮੈਂ ਤਾਲਸਤਾਏ ਦੀਆਂ ਕਹਾਣੀਆਂ ਪੜ੍ਹੀਆਂ ਹਨ ਤੇ ਉਹਨਾਂ ਨੇ ਮੇਰੇ ਉਤੇ ਭਾਰੀ ਪਰਭਾਵ ਛਡਿਆ ਹੈ। ਮੁਨਸ਼ੀ ਪ੍ਰੇਮ ਚੰਦ ਦੇ ਪੁੱਤਰ ਅੰਮ੍ਰਿਤ ਰਾਏ ਨੇ ਲਿਖਿਆ ਹੈ ਕਿ ਮੈਂ ਸਭ ਤੋਂ ਵਧ ਕੇ ਤਾਲਸਤਾਏ ਤੋਂ ਸਿਖਿਆ ਹੈ। ਕਈ ਦੂਜੇ ਭਾਰਤੀ ਸਾਹਿਤਕਾਰਾਂ ਨੇ ਅਜਿਹੇ ਵਿਚਾਰ ਹੀ ਪਰਗਟ ਕੀਤੇ ਹਨ।

ਵੱਡੀ ਹਦ ਤਕ ਤਾਲਸਤਾਏ ਦੀ ਸ਼ਖਸੀਅਤ ਸਦਕਾ ਭਾਰਤ ਵਿਚ ਇਹ ਵਿਚਾਰ ਫੈਲਿਆ ਕਿ ਸਾਹਿਤਕਾਰ ਨੂੰ ਕੇਵਲ ਆਪਣੇ ਸਾਹਿਤ ਦੇ ਸੰਸਾਰ ਦੇ ਅੰਦਰ ਬੰਦ ਨਹੀਂ ਹੋਣਾ ਚਾਹੀਦਾ। ਉਸਨੂੰ ਅਨਿਆਂ ਦੇ ਵਿਰੁੱਧ ਘੋਲ ਕਰਨਾ ਚਾਹੀਦਾ ਹੈ। ਇਸ ਪੱਖ ਤੋਂ ਤਾਲਸਤਾਏ ਦਾ ਟਾਕਰਾ ਟੈਗੋਰ ਨਾਲ ਕੀਤਾ ਜਾ ਸਕਦਾ ਹੈ। ●



Namdhari Elibrary NamdhariElibrary@gmail.com



# ਤਾਲਸਤਾਇ

**ਸੰਸਾਰ ਪ੍ਰਸਿਧ ਸ਼ਖਸੀਅਤਾਂ ਦੀ ਨਜ਼ਰ ਵਿਚ**

## ਵੀ. ਆਈ ਲੈਨਿਨ

ਤਾਲਸਤਇ ਏਨੀਆਂ ਵੱਡੀਆਂ ਸਮਸਿਆਵਾਂ ਉਠਾਉਣ ਵਿਚ ਤੇ ਕਲਾਮਈ ਸ਼ਕਤੀ ਦੀਆਂ ਅਜਿਹੀਆਂ ਉਚੀਆਂ ਸਿਖਰਾਂ ਛੋਹਣ ਵਿਚ ਸਫਲ ਰਿਹਾ ਕਿ ਉਸਦੀਆਂ ਰਚਨਾਵਾਂ ਦੀ ਗਿਣਤੀ ਸਸਾਰ ਸਾਹਿਤ ਦੀਆਂ ਮਹਾਨਤਮ ਰਚਨਾਵਾਂ ਵਿਚ ਹੁੰਦੀ ਹੈ। ਤਾਲਸਤਾਇ ਵਲੋਂ ਇਸ ਦੇ ਅਦੁਤੀ ਚਿਤਰਨ ਸਦਕਾ ਗੁਲਾਮ ਮਾਲਕਾਂ ਦੇ ਸ਼ਿਕੰਜੇ ਵਿਚ ਫਸੇ ਦੇਸ ਵਿਚ ਇਨਕਲਾਬ ਲਈ ਤਿਆਰੀ ਦਾ ਦੌਰ ਸਮੁਚੀ ਮਨੁਖਤਾ ਦੇ ਕਲਾਮਈ ਵਿਕਾਸ ਵਿਚ ਅਗੇ ਵਲ ਇਕ ਕਦਮ ਬਣ ਗਿਆ।

## ਮਹਾਤਮਾਂ ਗਾਂਧੀ

ਐਮ. ਗਾਂਧੀ ਖੁਦ ਨੂੰ "ਉਸ ਮਹਾਨ ਉਪਦੇਸ਼ਕ (ਤਾਲਸਤਾਇ) ਦਾ, ਜਿਸਨੂੰ ਮੈਂ ਲੰਮੇ ਸਮੇਂ ਤੋਂ ਆਪਣਾ ਇਕ ਪੰਥ-ਪ੍ਰਦਰਸ਼ਕ ਸਮਝਦਾ ਹਾਂ, ਇਕ ਨਿਮਾਨਾ ਜਿਹਾ ਪੈਰੋਕਾਰ" ਦਸਦਾ ਸੀ।

ਪੁਰਾਣੇ ਸੋਚ ਦਾ ਉਸ ਵਲੋਂ ਪ੍ਰਗਟਅ ਅਦੁਤੀ ਰੂਪ ਵਿਚ ਸ਼ਕਤੀਸ਼ਾਲੀ ਹੈ। ਉਸਦੀ ਮੰਤਕ ਅੱਰਦ ਹੈ। ਅਤੇ, ਸਭ ਤੋਂ ਮੁਖ ਗੱਲ ਇਹ ਹੈ ਕਿ ਉਹ ਜਿਸ ਗੱਲ ਦਾ ਪ੍ਰਚਾਰ ਕਰਦਾ ਹੈ। ਉਸ ਉਤੇ ਅਮਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਖਰਾ ਤੇ ਗੰਭੀਰ ਹੈ। ਉਹ ਧਿਆਨ ਖਿਚਦਾ ਹੈ।

## ਰਾਜਿੰਦਰ ਪ੍ਰਸਾਦ

ਆਪਣੀ ਫਿਲਾਸਫੀ ਦੀ ਰਚਨਾ ਅਤੇ ਆਪਣੀਆਂ ਸਰਗਰਮੀਆਂ ਦੀ ਯੋਜਨਾਬੰਦੀ ਵਿਚ ਗਾਂਧੀ ਨੇਹਰੂ ਦੀ ਪਰਜਵਲਤ ਆਤਮਾ, ਲਿਓ ਤਾਲਸਤਾਇ ਦੀ ਆਤਮਾ ਦਾ ਡੂੰਘਾ ਪ੍ਰਭਾਵ ਮਹਿਸੂਸ ਕੀਤਾ, ਤਾਲਸਤਾਇ ਜਿਹੜਾ ਖੁਦ ਵੀ ਸੰਸਾਰ ਦੇ ਵਿਭਿੰਨ ਖੇਤਰਾਂ ਵਿਚ ਨਸਲੀ ਤੇ ਰਾਜਸੀ ਦਾਬੇ ਦੇ ਰੂਪ ਵਿਚ ਪ੍ਰਗਟ ਕੀਤੀ ਜਾ ਰਹੀ ਅਸਮਾਨਤਾ ਨੂੰ ਡੂੰਘੀ ਤਰ੍ਹਾਂ ਮਹਿਸੂਸ ਕਰ ਰਿਹਾ ਸੀ।

## ਜਵਾਹਰ ਲਾਲ ਨਹਿਰੂ

ਤਾਲਸਤਾਇ ਦਾ ਸੰਬੰਧ ਸੰਸਾਰ ਦੇ ਉਨ੍ਹਾਂ ਚੋਣਵੇਂ ਲੇਖਕਾਂ ਦੇ ਨਿਕੇ ਜਿਹੇ ਗਰੁਪ ਨਾਲ ਹੈ ਜਿਨ੍ਹਾਂ ,ਦੀ ਯਾਦ ਸਦੀਵੀ ਹੈ——ਉਸਦੇ ਉਪਦੇਸ਼ ਤੇ ਯਾਦ ਸਾਡੇ ਦਿਲਾਂ ਵਿਚ ਵਸੇ ਹੋਏ ਹਨ।

ਹੋ ਸਕਦਾ ਹੈ ਅਸੀਂ ਉਸਦੇ ਵਿਚਾਰਾਂ ਤੇ ਸਿਧਾਂਤਾਂ ਨਾਲ ਸਹਿਮਤ ਹੋਈਏ ਜਾਂ ਨਾ ਹੋਈਏ, ਪਰ ਜੇ ਅਸੀਂ ਉਸ ਬਾਰੇ ਸੋਚਦੇ ਹਾਂ ਤਾਂ ਉਸਦੀ ਮਹਾਨਤਾ ਦਾ ਕੁਝ ਅੰਸ਼ ਸਾਨੂੰ ਪ੍ਰਭਾਵਤ ਕਰ ਜਾਂਦਾ ਹੈ ਅਤੇ ਸਾਡੇ ਕਦ ਨੂੰ ਰਤਾ ਵਡੇਰਾ ਕਰ ਜਾਂਦਾ ਹੈ।

## ਰਾਬਿੰਦਰ ਨਾਥ ਟੈਗੋਰ

ਮਨੁਖਜਾਤੀ ਦਾ ਉਪਦੇਸ਼ਕ।

## ਮੁਲਕ ਰਾਜ ਆਨੰਦ

ਜੰਗ ਅਤੇ ਅਮਨ : ਇਹ ਰੂਸ ਜਿੰਨੀ ਹੀ ਵਿਸ਼ਾਲ ਹੈ, ਇਸ ਵਿਚ ਯੂਰਪ ਤੇ ਏਸ਼ੀਆ ਦੋਹਾਂ ਮਹਾਂਦੀਪਾਂ ਦਾ ਸੁਖਾਵਾਂ ਸੁਮੇਲ ਹੈ, ਇਸਦੇ ਪੰਨਿਆਂ ਉਤੇ ਹਨੇਰੀਆਂ ਅਤੇ ਰੜੇ ਮੈਦਾਨਾਂ, ਪਹਾੜਾਂ, ਰੇਗਿਸਤਾਨਾਂ ਤੇ ਵਾਦੀਆਂ ਹਵਾਵਾਂ ਵਗਦੀਆਂ ਹਨ ; ਇਸ ਵਿਚ ਦਰਿਆ ਵਗਦੇ ਹਨ, ਅਤੇ ਇਸਦੀਆਂ ਲਾਈਨਾਂ ਪਿਛੋਂ ਇਕ ਸ਼ਕਤੀ ਤੇ ਇਕ ਤਾਕਤ ਝਾਕਦੀ ਦਿਸਦੀ ਹੈ ਜਿਹੜੀ ਜਿਵੇਂ ਇਸਦੇ ਪਾਤਰਾਂ ਦੇ



Namdhari Elibrary NamdhariElibrary@gmail.com

ਅੰਦਰ ਲੁਕੇ ਚਸ਼ਮਿਆਂ ਵਿਚੋਂ ਬਾਹਰ ਨਿਕਲ ਰਹੀ ਹੈ ; ਅਤੇ ਹਰ ਚੀਜ਼ ਵਿਚ ਗਤੀ ਤੇ ਵਹਾਓ ਹੈ, ਜਿਵੇਂ ਇਕ ਆਰਕੇਸਟਰੇ ਵਿਚ ਹੁੰਦਾ ਹੈ—ਤੇਜ਼ ਤੇ ਮਧਮ ਸੁਰਾਂ ਗੂੰਜਦੀਆਂ ਹਨ, ਫੇਰ ਅਚਾਨਕ ਉਹ ਇਕ ਭਾਵਮਈ ਪਲ ਨੂੰ ਜਨਮ ਦੇਂਦੀਆਂ ਹਨ, ਜਿਵੇਂ ਬਿਜਲੀ ਚਮਕੀ ਹੋਵੇ ਤੇ ਹਰ ਚੀਜ਼ ਜਗਮਗਾ ਉਠੀ ਹੋਵੇ ਜਾਂ ਘਟੋ-ਘਟ ਉਹਨੇ ਸਾਨੂੰ ਹਨੇਰੇ ਵਿਚ "ਕਿਸੇ ਚੀਜ਼" ਲਈ ਹੱਥ ਮਾਰਨ ਦੀ ਲੋੜ ਤੋਂ ਨਜਾਤ ਦਿਲਾ ਦਿਤੀ ਹੋਵੇ ;

## ਐਂਟਨ ਚੇਖੋਵ

ਤਾਲਸਤਾਇ, ਤਾਲਸਤਾਇ, ਅਜੋਕੇ ਮਿਆਰਾਂ ਅਨੁਸਾਰ ਉਹ ਇਕ ਮਨੁਖ ਨਹੀਂ, ਸਗੋਂ ਇਕ ਅਲੌਕਿਕ ਮਨੁੱਖ, ਸਭ ਤੋਂ ਵੱਧ ਚਮਕਣ ਵਾਲਾ ਸਿਤਾਰਾ ਹੈ।

## ਮੈਕਸਿਮ ਗੋਰਕੀ

ਉਹਨੂੰ ਸਭ ਸੋਮਿਆਂ ਤੇ ਟੀਚਿਆਂ ਦਾ ਪਤਾ ਸੀ ਅਤੇ ਉਹ ਇਸ ਗਲ ਬਾਰੇ ਸੋਚ-ਵਿਚਾਰ ਕਰ ਰਿਹਾ ਸੀ ਕਿ ਪਥਰਾਂ ਤੇ ਘਾਹ, ਸਾਗਰ ਤੇ ਮਨੁਖ ਦਾ ਅਤੇ ਸਮੁਚੇ ਸੰਸਾਰ, ਪਥਰ ਤੋਂ ਲੈ ਕੇ ਸੂਰਜ ਤਕ ਦਾ ਕੀ ਤੇ ਕਿਵੇਂ ਅੰਤ ਹੋਵੇਗਾ ! ਸਾਗਰ ਉਸਦੀ ਆਤਮਾ ਦਾ ਹਿਸਾ ਸੀ ਅਤੇ ਆਲੇ-ਦੁਆਲੇ ਦੀ ਹਰ ਚੀਜ਼ ਦਾ ਸੋਮਾ ਜਿਵੇਂ ਉਸ ਦੇ ਅੰਦਰ ਸੀ। ਇਕ ਛਿਣ ਲਈ ਮੈਨੂੰ ਉਹ ਵਿਚਾਰਵਾਨ ਅਹਿਲ ਬੈਠਾ ਬੁੱਢਾ ਆਦਮੀ ਇਕ ਮਸੀਹਾ ਤੇ ਜਾਦੂਗਰ ਲਗਿਆ ਜਿਹੜਾ ਹੇਠਾਂ ਦੀਆਂ ਹਨੇਰੀਆਂ ਡੂੰਘਾਣਾਂ ਬਾਰੇ ਇੰਜ ਵਿਚਾਰ ਕਰ ਰਿਹਾ ਹੋਵੇ ਤੇ ਉਪਰ ਨੀਲੇ ਆਕਾਸ਼ ਵਲ ਇੰਝ ਝਾਕ ਰਿਹਾ ਹੋਵੇ ਜਿਵੇਂ ਇਹ ਉਹੀ ਸੀ—ਉਸਦੀ ਇਕਾਗਰ ਸ਼ਕਤੀ ਸੀ—ਜਿਹੜਾ ਲਹਿਰਾਂ ਨੂੰ ਬੁਲਾ ਕੇ ਪਿਛੇ ਭੇਜ ਰਿਹਾ ਹੋਵੇ, ਅਤੇ ਬਦਲਾਂ ਤੇ ਪਰਛਾਈਆਂ ਨੂੰ ਨਿਰਦੇਸ਼ ਦੇ ਰਿਹਾ ਹੋਵੇ ਜਿਹੜੇ ਪਤਰਾਂ ਨੂੰ ਉਨ੍ਹਾਂ ਦੀ ਨੀਂਦ ਤੋਂ ਜਗਾਉਦੇ ਜਾਪਦੇ ਸਨ।

## ਮਿਖਾਇਲ ਸ਼ੋਲੋਖੋਵ

ਲਿਓ ਤਾਲਸਤਾਇ ਰੂਸੀ ਤੇ ਸੰਸਾਰ ਸਾਹਿਤ ਵਿਚ ਸਦਾ ਹੀ ਇਕ ਸਿਰਕੱਢ, ਅਪਹੁੰਚ ਗੋਚਰੀ ਚੋਟੀ ਬਣਿਆ ਰਹੇਗਾ।

## ਫੈਜ਼ ਅਹਿਮਦ ਫੈਜ਼

ਅਤੇ ਉਹਨੇਂ ਲਗਭਗ ਇਕ ਸੰਸਾਰ-ਵਿਆਪੀ ਪੱਧਰ ਉਤੇ ਇਕ ਸਮਾਜਕ ਤੇ ਇਤਿਹਾਸਕ ਅਮਲ ਦੀ ਸਮੱਗਰਤਾ ਦੀ ਕਲਪਨਾ ਕਰਕੇ ਪੁਰਾਤਨਪੰਥੀ ਯਥਾਰਥਵਾਦ ਵਿਚ ਇਕ ਨਵੇਂ ਦਿਸਹੱਦੇ ਦਾ ਵਾਧਾ ਕੀਤਾ। ਅਜਿਹਾ ਉਹਨੇ ਉਪਦੇਸ਼ਾਤਮਕ ਜਾਂ ਤਰਕਪੂਰਨ ਟਿਪਣੀ ਰਾਹੀਂ ਨਹੀਂ, ਸਗੋਂ ਵਰਗ ਸ਼ਕਤੀਆਂ ਦੇ ਵਿਅਕਤੀਕਰਨ ਤੇ ਉਨ੍ਹਾਂ ਦੇ ਅੰਤਰ-ਕ੍ਰਿਆਤਮਕ ਸੰਬੰਧਾਂ ਦੇ ਨਾਟਕੀਕਰਨ ਰਾਹੀਂ ਕੀਤਾ। ਜੰਗ ਨੂੰ ਮਿਥ ਤੇ ਪੌਰਾਣਿਕ ਕਥਾ ਦੀ ਇਸਦੀ ਆਭਾ ਤੋਂ ਰਹਿਤ ਕਰਕੇ, ਇਸ ਦੇ ਅਧ-ਪਾਗਲ ਨਾਇਕਾਂ ਦੀ ਝੂਠੀ ਸ਼ਾਨ ਨੂੰ ਖਤਮ ਕਰਕੇ ਅਤੇ ਸਭ ਸਮਾਜਕ ਜਾਂ ਕੌਮੀ ਝਗੜਿਆਂ ਵਿਚ ਫਸੇ ਵਾਸਤਵਿਕ ਨੇਤਾਵਾਂ, ਆਮ ਆਦਮੀ ਤੇ ਆਮ ਸਿਪਾਹੀ ਨੂੰ ਉਚਾ ਚੁਕਕੇ ਉਹਨੇ ਲੇਖਕਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਤਿਹਾਸਕ ਮੁਲੰਕਣ ਦੀ ਇਕ ਨਵੀਂ ਵਿਧੀ ਦਿਤੀ।

ਕਿਉਂਕਿ ਖੂਬਸੂਰਤੀ ਹੈ ਇਸ ਲਈ ਖੂਬਸੂਰਤੀ ਬਾਰੇ ਅਤੇ ਕਿਉਂਕਿ ਅਛਾਈ ਹੈ ਇਸ ਲਈ ਅਛਾਈ ਬਾਰੇ ਤੇ ਕਿਉਂਕਿ ਬੁਰਾਈ ਹੈ ਇਸ ਲਈ ਬੁਰਾਈ ਬਾਰੇ, ਕਿਉਂਕਿ ਆਸ ਹੈ ਇਸ ਲਈ ਆਸ ਬਾਰੇ ਕਿਉਂਕਿ ਨਫਰਤ ਹੈ ਇਸ ਲਈ ਨਫਰਤ ਬਾਰੇ ਲਿਖਣਾ, ਇਹਨਾਂ ਵਿਰੋਧਾਂ ਦੀ ਇਕ ਸਹੀ ਪਰੂੰਬੰਦੀ ਤੋਂ ਇਕ ਵਧੇਰੇ ਪ੍ਰਸੰਨ ਮਨੁਖਤਾ ਲਈ ਵਿਸ਼ਵਾਸ ਤੇ ਜੋਸ਼ ਨੂੰ ਕਸ਼ੀਦ ਕਰਕੇ ਬਾਹਰ ਲਿਆਉਣਾ, ਇਕ ਅਜਿਹੀ ਦੁਨੀਆਂ ਜਿਹੜੀ ਜੰਗਾਂ ਤੋਂ ਮੁਕਤ ਹੋਵੇ ਅਤੇ ਇਕ ਅਜਿਹੀ ਮਨੁਖਤਾ ਜਿਹੜੀ ਬੇੜੀਆਂ ਤੋਂ ਮੁਕਤ ਹੋਵੇ—ਸ਼ਾਇਦ ਇਹੀ ਉਹ ਪਾਠ ਹੈ ਜਿਹੜਾ ਤਾਲਸਤਾਇ ਨੇ ਆਉਣ ਵਾਲੇ ਲੋਕਾਂ ਨੂੰ ਪੜ੍ਹਾਇਆ। ਅਤੇ ਸ਼ਾਇਦ ਸਾਡੇ ਵਿਚੋਂ ਬਹੁਤਿਆਂ ਨੇ ਇਹੀ ਉਸਤੋਂ ਸਿਖਿਆ ਹੈ : ਨਿਰਸੰਦੇਹ, ਹਰੇਕ ਨੇ ਆਪਣੀ ਯੋਗਤਾ ਅਨੁਸਾਰ।

## ਨਾਜ਼ਿਮ ਹਿਕਮਤ

ਇਹ ਕੇਵਲ ਬਰਸਾ ਜੇਲ ਵਿਚ ਹੀ ਸੀ ਕਿ ਮੈਂ ਤਾਲਸਤਾਇ ਨੂੰ, ਉਸਤਾਦਾਂ ਦੇ ਉਸ ਉਸਤਾਦ ਦੀ ਮਹਾਨਤਾ ਨੂੰ ਪੂਰੀ ਤਰ੍ਹਾਂ ਮਹਿਸੂਸ ਕੀਤਾ, ਉਸ ਅਮਰ ਬੁੱਢੇ ਮਨੁੱਖ ਦੀ ਮਹਾਨਤਾ ਜਿਹੜਾ ਸਦਾ ਜਵਾਨ ਰਹੇਗਾ। ਉਥੇ ਮੈਂ ਜੰਗ ਅਤੇ ਅਮਨ ਦੇ ਅੱਧੇ ਭਾਗ ਦਾ ਅਨੁਵਾਦ ਕੀਤਾ ਮੇਰੀ ਕਾਲ ਕੋਠੜੀ ਜੀਵਨ ਤੇ ਆਸ ਨਾਲ ਭਰ ਗਈ ਸੀ ; ਮੇਰੀ ਜੇਲ੍ਹ ਦੀਆਂ ਕੰਧਾਂ ਢਹਿ ਗਈਆਂ ਸਨ ; ਮੈਨੂੰ ਮਹਾਨ ਰੂਸੀ ਕੌਮ ਦੀਆਂ ਸਿਰਜਣਾਤਮਕ ਸ਼ਕਤੀਆਂ ਵਿਚ ਹੋਰ ਵਧੇਰੇ ਯਕੀਨ ਹੋ ਗਿਆ, ਮੈਂ ਉਨ੍ਹਾਂ ਨੂੰ ਹੋਰ ਵੀ ਪਿਆਰ ਕਰਨ ਲਗ ਪਿਆ।



Namdhari Elibrary NamdhariElibrary@gmail.com

# ਕਾਹਦੀਆਂ ਛੁਟੀਆਂ ?

—ਜਤਿੰਦ੍ਰ ਢਿਲੋਂ ਐਮ.ਏ.;ਬੀ.ਐਡ.

ਬਾਹਰੋਂ ਭੱਜਿਆ ਆਉਂਦਾ ਪੱਮੀ ਬੱਸਤਾ ਸੁਟਦਾ ਹੋਇਆ ਬੀਬੀ-ਬੀਬੀ ਕਿਥੇ ਏ ਬੀਬੀ ? ਰਸੋਈ ਵਿਚ ਚੁਲੇ ਅੱਗੇ ਫੂਕਾਂ ਮਾਰਦੀ ਬੀਬੀ ਨੂੰ ਜੱਫੀ ਪਾਉਂਦਾ ਸਾਹੋ ਸਾਹ ਬੀਬੀ ਮੈਨੂੰ ਛੁੱਟੀਆਂ ਹੋ ਗਈਆਂ, ਮੈਨੂੰ ਛੁਟੀਆਂ ਹੋ ਗਈਆਂ, ਸਾਡੇ ਸਕੂਲ ਮਹੀਨੇ ਲਈ ਬੰਦ ਹੋ ਗਏ ਬੀਬੀ।

"ਬੀਬੀ ਬੜਾ ਮਜ਼ਾ ਆਵੇਗਾ ਛੁਟੀਆ ਹੋ ਗਈਆਂ, ਤੂੰ ਕਹਿੰਦੀ ਸੀ ਨਾ ਛੁਟੀਆਂ ਵਿਚ ਤੈਨੂੰ ਅਮ੍ਰਿਤਸਰ ਦਿਖਾ ਕੇ ਲਿਆਵਾਗੀ ਗੁਰੂ ਦੀ ਨਗਰੀ ਨਾਲੇ ਨਾਨਕੇ, ਭੂਆ ਕੋਲ ਵੀ ਜਾਵਾਂਗੇ। ਚੱਲ ਦੱਸ ਬੀਬੀ ਆਪਾ ਕਦੋਂ ਜਾਵਾਗੇ ?

ਬੀਬੀ ਆਪਣੇ ਨਾਲ ਦਾਰਜੀ ਵੀ ਜਾਣਗੇ ? ਪਪੂ ਵੀ ਜਾਊਗਾ ਨਾਲੇ ਤੂੰ ਕਹਿੰਦੀ ਹੁੰਦੀ ਏ ਕਿ ਬੜੇ ਸਾਲ ਹੋ ਗਏ ਪੱਪੂ ਦੀ ਬਾਬੇ ਘਰ ਸੁਖ ਸੁਖੀ ਸੀ ਉਹ ਵੀ ਲਾਹ ਕੇ ਆਉਣੀ ਏ।"

ਮਾਂ ਗੱਲਾਂ ਨੂੰ ਟਾਲਦੀ ਹੋਈ "ਪੱਮੀ ਬਸਤਾ ਰਸੋਈ ਚੋਂ ਚੁਕ ਕੇ ਕਮਰੇ ਵਿਚ ਰੱਖ, ਆਪਣੇ ਕਪੜੇ ਸਕੂਲ ਦੀ ਬਰਦੀ ਵੀ ਉਤਾਰ ਆ ਕੇ ਰੋਟੀ ਖਾ ਲਾ।"

"ਬੀਬੀ ਸਾਡੇ ਸਕੂਲ ਵਿਚ ਉਹ ਸੇਠਾਂ ਦਾ ਜਿਹੜਾ ਬੱਚੀ ਏ ਨਾ ਉਹ ਕੱਲ 'ਸ੍ਰੀ ਨਗਰ' ਜਾ ਰਹੇ ਹਨ ਉਹ ਅੱਜ ਸਾਡੀ ਭੈਣ ਜੀ ਨੂੰ ਦੱਸ ਰਿਹਾ ਸੀ ਕਿ ਅਸੀਂ ਹਰ ਛੁਟੀਆਂ ਵਿਚ ਕਿਸੇ ਨਾ ਕਿਸੇ ਪਹਾੜ ਤੇ ਸੈਰ ਕਰਨ ਜਰੂਰ ਜਾਂਦੇ ਹਾਂ ਛੁਟੀਆ ਬੀਤ ਜਾਂਦੀਆਂ ਹਨ।

ਭੈਣ ਜੀ ਸਭ ਬੱਚਿਆ ਨੂੰ ਪੁਛ ਰਹੇ ਸੀ ਬੱਚਿਉ ਤੁਸੀਂ ਛੁਟੀਆਂ ਵਿਚ ਕਿਥੇ ਕਿਥੇ ਜਾਵੋਗੇ ਕੋਈ ਕਹਿ ਰਿਹਾ ਸੀ ਦਿੱਲੀ, ਕੋਈ ਚੰਡੀਗੜ੍ਹ ਮੇਰੇ ਅੰਟੀ ਰਹਿੰਦੇ ਹਨ। ਕੋਈ ਪਟਿਆਲੇ। ਬੀਬੀ ਇਹ ਸਾਰੇ ਸ਼ਹਿਰਾਂ ਦੇ ਮੈਂ ਤਾਂ ਨਾ ਹੀ ਅੱਜ ਕਲਾਸ ਵਿਚ ਸੁਣੇ ਹਨ।"

ਰੋਟੀ ਸੁਕੀ ਦੇਖਦਾ ਹੋਇਆ ਪੱਮੀ, "ਬੀਬੀ ਅੱਜ ਕੋਈ ਦਾਲ ਸ਼ਬਜੀ ਨਹੀਂ ਬਣਾਈ, ਘਿਉ ਵੀ ਘਰ ਨਹੀਂ ਰੋਟੀ ਕਿਉ ਨਹੀਂ ਚੋਪੜੀ ਰੋਟੀ ਨਹੀ ਖਾਧੀ।"

ਮਾਂ ਹੋਕਾ ਭਰਦੀ ਹੋਈ ਬੱਚੇ ਤੋਂ ਘਰ ਦੀ ਦਸ਼ਾ ਲੁਕਾਂਦੀ ਹੋਈ ਪੱਮੀ ਮੇਰੇ ਬੇਟੇ ਜ਼ਿਦ ਨਹੀਂ ਕਰੀਦੀ ਕਦੀ ਕਦੀ ਇਸ ਤਰ੍ਹਾਂ ਦੀ ਵੀ ਖਾ ਲਈਦੀ ਹੈ।"

ਪੱਮੀ ਜਾਣਦਾ ਸੀ ਕਿ ਮਾਂ ਉਸ ਤੋਂ ਕੁਝ ਲੁਕਾ ਰਹੀ ਹੈ, "ਮਾਂ ਤੂੰ ਮੈਨੂੰ ਦੱਸ 'ਦਾਰਜੀ' ਵੀ ਅੱਜ ਰੋਟੀ ਸਵੇਰੇ ਖਾ ਕੇ ਨਹੀਂ ਗਏ ਕਿਉਂ ? ਅਪਣੇ ਕਲ੍ਹ ਸ਼ਾਮੀ ਦੋ ਚਿੱਟੇ ਕਪੜਿਆਂ ਵਾਲੇ ਕੌਣ ਆਏ ਸੀ ਬੀਬੀ! ਭੁਲ ਗਈ ਉਹ ਜਿਹੜੇ ਉਚੀ ਉਚੀ ਕਹਿੰਦੇ ਸਨ ਜੇ ਦੋ ਚਾਰ ਦਿਨ ਵਿਚ ਕਿਰਾਇਆ ਨ ਦਿਤਾ ਤਾ ਤੁਹਾਡਾ ਸਮਾਨ ਗਲੀ ਵਿਚ ਚੁਕ ਮਾਰਾਂਗੇ"। ਬੀਬੀ ਚੁਪ! ਪੱਮੀ ਦੀਆਂ ਗੱਲਾ ਸੁਣੀ ਜਾ ਰਹੀ ਸੀ।

ਲੱਗਦਾ ਸੀ ਪੱਮੀ ਘਰ ਦੀ ਹਾਲਤ ਤੋਂ ਜਾਣੂ ਹੋ



Namdhari Elibrary NamdhariElibrary@gmail.com

ਗਿਆ ਹੈ। ਬੀਬੀ ਇਹ ਮਕਾਨ ਆਪਣਾ ਨਹੀਂ ਹੈ ? ਪੱਮੀ ਗੱਲਾਂ ਕਰਦਾ ਕਰਦਾ ਇੰਜ ਲਗਦਾ ਸੀ ਥੱਕ ਗਿਆ ਉਥੇ ਹੀ ਸੌਂ ਗਿਆ। ਮਾ ਨੇ ਪੱਮੀ ਨੂੰ ਚੁਕ ਕੇ ਮੰਜੇ ਤੇ ਪਾਇਆ।

ਉਹ ਫਿਰ ਜਾ ਕੇ ਚੁਲੇ ਅੱਗੇ ਫੂਕਾ ਮਾਰਨ ਲਗੀ ਅੱਖਾਂ ਵਿਚ ਅਥਰੂ। ਸੋਚਦੀ ਬੱਚੇ ਨੂੰ ਛੁਟੀਆਂ ਕਾਹਦੀਆ ਹੋ ਗਈਆਂ ਘਰ ਰਹੇਗਾ, ਦੁਖੀ ਰਹੇਗਾ ਹਰ ਰੋਜ਼ ਨਵੀਂ ਗੱਲ ਛੇੜੇਗਾ।

ਸ਼ਾਮ ਨੂੰ ਪੱਮੀ ਸੁਤਾ ਉਠਿਆ, ਮਾਂ ਕੋਲੋਂ ਚਾਹ ਪੀਤੀ ਫਿਰ ਉਹੀ ਗੱਲ ਯਾਦ ਆ ਗਈ। "ਬੀਬੀ ! ਆਪਾ ਕਦੋਂ ਚੱਲਾਂਗੇ, ਕਦੋਂ ਕੱਲ ਜਾਂ ਪਰਸੋਂ।"

'ਪੱਮੀ ਦੇਖ ਬੂਹਾ ਖੜਕਿਆ ਹੈ' ਭੱਜਦਾ ਹੋਈਆ, "ਬੀਬੀ ਦਾਰਜੀ ਆ ਗਏ।" ਪਿਤਾ ਨੇ ਪੱਮੀ ਨੂੰ ਗੋਦ ਵਿਚ ਲਿਆ ਪੱਮੀ ਖੁਸ਼ੀ ਖੁਸ਼ੀ ਆਪਣੇ ਪਿਤਾ ਨੂੰ ਦੱਸ ਰਿਹਾ ਸੀ ਦਾਰਜੀ ਛਟੀਆਂ ਹੋ ਗਈਆਂ, ਦਾਰਜੀ ਚਲੋ ਆਪਾ ਕਿਤੇ ਛੁਟੀਆਂ ਕੱਟਣ ਚੱਲੀਏ।

ਪਿਤਾ ਵੀ ਬਹਾਨਾ ਲਾਉਂਦੇ "ਅੱਛਾ ਤੇਰੀ ਬੀਬੀ ਨਾਲ ਸਲਾਹ ਕਰਦੇ ਹਾਂ ਆਪਾਂ ਕਦੋਂ ਚੱਲਾਗੇ।" ਰਸੋਈ ਵਿਚ ਵੜਦਾ ਸ਼ਾਮ ਸਿੰਘ ਸ਼ਾਂਤੀ ਨੂੰ ਪੁਛਦਾ ਸ਼ਾਂਤੀ ਚੁਪ ਕਿਉ ਬੈਠੀ ਹੈ। ਕੋਈ ਦਾਲ ਪਾਣੀ ਲਿਆ ਬਾਹਰੋਂ ਥੱਕਿਆ ਹੋਇਆ ਆਇਆ ਹਾਂ।

ਰਾਤ ਹੋ ਗਈ ਰੁਖੀ ਸੁਖੀ ਖਾਧੀ ਪੱਮੀ ਤੇ ਪੱਪੂ ਸੌਂ ਗਏ ਪਰ ਸ਼ਾਮ ਸਿੰਘ ਤੇ ਸ਼ਾਂਤੀ ਨੂੰ ਨੀਂਦ ਨ ਆਈ। ਸੋਚੀ ਪੈ ਗਏ, ਪੱਮੀ ਨੂੰ ਛੁਟੀਆਂ ਕਾਹਦੀਆਂ ਹੋ ਗਈਆ। ਜੇ ਇਸ ਮਹੀਨੇ ਦੀ ਤਨਖਾਹ ਵੀ ਮਿਲ ਜਾਂਦੀ ਤਾਂ ਵੀ ਅਮ੍ਰਿਤਸਰ ਹੀ ਹੋ ਆਉਂਦੇ ਨਾਲੇ ਪੱਮੀ ਘੁਮ ਆਉਂਦਾ ਨਾਲੇ ਪੱਮੀ ਦੀ ਸੁਖ ਲਾਹ ਆਉਦੇਂ ਪਰ ਕੁਝ ਨਹੀਂ ਸ਼ਾਂਤੀ ਸਾਡੀ ਵੀ ਕੋਈ ਜ਼ਿੰਦਗੀ ਏ। ਬੱਚਿਆਂ ਦੀਆਂ ਮੰਗਾਂ ਪੂਰੀਆਂ ਨਹੀਂ ਕਰ ਸਕਦੇ, ਉਨ੍ਹਾਂ ਨੂੰ ਚੰਗਾ ਭੋਜਨ, ਚੰਗੇ ਸਕੂਲ ਵਿਚ ਨਹੀਂ ਭੇਜ ਸਕਦੇ ਬਸ ਕੁਝ ਨਹੀਂ ਰੱਬ ਤੇ ਬੜਾ ਗੁਸਾ ਆਉਂਦਾ ਏ ਰੱਜਵੀ ਰੋਟੀ ਨਹੀਂ ਖਾ ਸਕਦੇ –ਸ਼ਾਂਤੀ ਚੁਪ ਕਰੋ ਜੀ ਕਦੀ ਤਾਂ ਚੰਗੇ ਦਿਨ ਆਉਣਗੇ। ਰੱਬ ਦੇ ਘਰ ਦੇਰ ਏ ਅੰਧੇਰ ਨਹੀਂ ਗੱਲਾਂ ਕਰਦੇ ਕਰਦੇ ਹੀ ਸੌਂ ਗਏ।

ਸਵੇਰੇ ਚਾਹ ਪੀਤੀ ਸ਼ਾਮ ਸਿੰਘ ਰੋਟੀ ਖਾਣ ਬਾਰੇ ਕਿਵੇਂ ਸੋਚਦਾ। ਪਤਾ ਸੀ ਆਟਾ ਤਾਂ ਰਾਤ ਜੋਗਾ ਹੀ ਸੀ।

ਸ਼ਾਂਤੀ ਪੱਮੀ ਨੂੰ ਕਹਿੰਦੀ ਹੋਈ 'ਪੱਮੀ ਚੱਲ ਬੇਟਾ ਮੂੰਹ ਹੱਥ ਧੋ ਕੇ ਚਾਹ ਪੀਉ ਬੀਬੀ ਪੱਪੂ ਕਿਉ ਚਾਹ ਪੀਦਾਂ ਏ ? ਇਹ ਤਾਂ ਦੁੱਧ ਪੀਂਦਾ ਹਰ ਰੋਜ਼ ਮਾਂ ਗੱਲ ਟਾਲਦੀ, ਅੱਜ ਤੈਨੂੰ ਦੇਖਕੇ ਇਹ ਵੀ ਚਾਹ ਮੰਗਦਾ ਸੀ।'

ਪੱਮੀ ਫਿਰ ਉਹੀ ਗੱਲ ਬੀਬੀ ਦਾਰਜੀ ਕਦੋਂ ਕਹਿੰਦੇ ਹਨ ਆਪਾ ਛੁਟੀਆਂ ਕੱਟਣ ਚੱਲਾਂਗੇ। ਸ਼ਾਂਤੀ ਖਿਝਕੇ, "ਕਾਹਦੀਆਂ ਪੱਮੀ ਤੈਨੂੰ ਛੁੱਟੀਆਂ ਹੋ ਗਈਆ ਤੂੰ ਤਾਂ ਪਰਸੋਂ ਦਾ ਸਿਰ ਖਾ ਲਿਆ।"

ਸ਼ਾਂਤੀ ਸੋਚਦੀ ਹੋਈ ਗਰੀਬ ਲੋਕਾਂ ਦੀਆਂ ਕਾਹਦੀਆਂ ਛੁੱਟੀਆਂ ਹੁੰਦੀਆਂ ਨੇ ਛੁੱਟੀਆਂ ਤਾਂ ਅਮੀਰ ਲੋਕਾਂ ਦੇ ਬੱਚਿਆਂ ਦੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਰੱਜ ਕੇ ਖਾਣ ਪੀਣ ਨੂੰ ਤੇ ਛੁਟੀਆਂ। ਇਹ ਸੈਰ-ਸਪਾਟ ਵੀ ਤੁਰ ਜਾਂਦੇ ਹਨ।

ਏਧਰ ਅਸੀਂ ਲੋਕ ਹਾਂ ਜਿਹੜੇ ਪੈਸੇ ਦੀ ਘਾਟ ਕਾਰਨ ਬੱਚਿਆਂ ਤੇ ਸੁਕਾ ਰੋਹਬ ਪਾਈ ਜਾਂਦੇ ਹਾਂ ਸਾਡੇ ਲੋਕਾਂ ਲਈ ਕਾਹਦੀਆਂ ਛੁਟੀਆਂ। ਅੱਗੇ ਬੱਚੇ ਸਕੂਲ ਤੁਰ ਜਾਂਦੇ ਹਨ ਹੁਣ ਉਹ ਮਹੀਨਾ ਵੀ ਘਰ ਬੈਠਣਗੇ ਹਰ ਰੋਜ਼ ਕਹਿਣਗੇ ਚੱਲ ਮਾਂ ! ਚੱਲ ! ਪੈਸਾ ਹੋਵੇ ਤਾਂ ਕਿਸੇ ਤਰ੍ਹਾਂ ਘਟੋ ਘੱਟ ਪੱਪੂ ਦੀ ਸੁੱਖ ਹੀ ਅਮ੍ਰਿਤਸਰ ਲਾਹ ਆਵਾਂ ਪੱਮੀ ਹੈ ਫੇਰ ਤੋਰ ਲਿਆਵਾਂ ਪਰ ਸਭ ਮਨ ਦੀਆਂ ਮਨ ਵਿਚ, ਕੋਈ ਆਸ ਪੂਰੀ ਨਹੀਂ ਹੁੰਦੀ ਦਿਖਾਈ ਦੇਂਦੀ ਕਾਹਦੀਆਂ ਛੁਟੀਆਂ ਕਾਹਦੀਆ ਛੁਟੀਆਂ ਕਹਿੰਦੀ ਹੋਈ ਸ਼ਾਂਤੀ ਫਿਰ ਰਸੋਈ ਵਿਚ ਕੋਈ ਪੀਪਾ ਫੋਲਣ ਲੱਗੀ।

—



Namdhari Elibrary NamdhariElibrary@gmail.com

# ਸੰਗੀਤ ਦੀ ਪ੍ਰੀਭਾਸ਼ਾ

ਪ੍ਰੋ: ਜਤਿੰਦਰ ਸਿੰਘ

ਸੰਗੀਤ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਅਤੇ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ। ਪਹਿਲਾ ਸ਼ਬਦ ਸਮ ਹੈ ਤੇ ਦੂਜਾ ਸ਼ਬਦ ਗੀਤ ਹੈ।ਸਮ ਦਾ ਅਰਥ ਅੱਛਾ ਹੈ ਗੀਤ ਦਾ ਅਰਥ ਗਾਉਣਾ ਹੈ ਤੇ ਸੰਗੀਤ ਦਾ ਅਰਥ ਅੱਛਾ ਗਾਉਣਾ ਹੈ ਅੱਛਾ ਗਾਉਣਾ ਤਾਂ ਹੀ ਬਣਦਾ ਹੈ ਜੇ ਇਸ ਨਾਲ ਸਾਜ਼ ਵਜ ਰਹੇ ਤੇ ਨਾਚ ਹੋ ਰਿਹਾ ਹੋਵੇ ਇਸ ਦਾ ਮਤਲਬ ਇਹ ਹੈ ਕਿ ਗਾਣਾ, ਵਜਾਉਣਾ ਤੇ ਨੱਚਣਾ ਸੰਗੀਤ ਹੈ। ਸੰਗੀਤ ਇਕ ਸੁਣਨ ਯੋਗ ਕੋਮਲ ਹੁਨਰ ਹੈ। ਇਸ ਵਿਚ ਤਿੰਨ ਕਲਾਵਾਂ ਸ਼ਾਮਲ ਹਨ। ਪਹਿਲੀ ਗਾਇਣ ਕਲਾ ਹੈ ਦੂਜੀ ਵਾਦਨ ਕਲਾ ਹੈ ਅਤੇ ਤੀਜੀ ਨਾਚ ਕਲਾ ਹੈ। ਕਲਾਵਾਂ ਦੀ ਇਹ ਦਰਜੇ ਬੰਦੀ ਚਾਰ ਗੱਲਾਂ ਸ਼ਬਦ, ਭਾਵ, ਨਾਦ ਤੇ ਲੈਅ ਤੇ ਅਧਾਰਿਤ ਹੈ। ਵਾਦਣ ਕਲਾ ਵਿਚ ਅੰਤਮ ਦੋ ਗਲਾਂ ਹਨ ਅਤੇ ਨਾਚ ਕਲਾ ਵਿਚ ਸਿਰਫ ਚੌਥੀ ਗੱਲ ਹੀ ਹੈ। ਇਕ ਪਾਸੇ ਤਾਂ ਇਹ ਤਿੰਨ ਕਲਾਵਾਂ ਇਕ ਦੂਜੇ ਤੋਂ ਪੂਰੀ ਤਰਾ ਸੁਤੰਤਰ ਹਨ ਪਰ ਦੂਜੇ ਪਾਸੇ ਇਕ ਦੂਜੇ ਤੇ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਅਧਾਰਿਤ ਹਨ ਇਸੇ ਲਈ ਤਾਂ ਸਾਜ਼ ਗਾਉਣੇ ਦੇ ਅਧੀਨ ਹਨ ਅਤੇ ਨਾਚ ਸਾਜ਼ਾਂ ਦੇ ਤਾਂਹੀ ਤਾਂ ਤਿੰਨ ਕਲਾਵਾਂ ਨੂੰ ਮਿਲਾ ਕੇ ਸੰਗੀਤ ਕਲਾ ਬਣਾਈ ਗਈ ਹੈ।

ਸੰਗੀਤ ਸ਼ਬਦ ਸੰਸਕ੍ਰਿਤ ਤੋਂ ਹਿੰਦੀ ਭਾਸ਼ਾ ਵਿਚ ਤੇ ਹਿੰਦੀ ਤੋਂ ਪੰਜਾਬੀ ਭਾਸ਼ਾ ਵਿਚ ਆਇਆ। ਪੰਜਾਬੀ ਵਿਚ ਸੰਗੀਤ ਲਈ ਦੂਜਾ ਸ਼ਬਦ ਮੌਸੀਕੀ ਵਰਤਿਆ ਜਾਂਦਾ ਹੈ। ਪੰਜਾਬੀ ਨੇ ਇਹ ਸ਼ਬਦ ਉਰਦੂ ਭਾਸ਼ਾ ਤੋਂ ਲਿਆ ਹੈ। ਉਰਦੂ ਵਿਚ ਇਹ ਸ਼ਬਦ ਫਾਰਸ ਦੇਸ ਦੀ ਫਾਰਸੀ ਭਾਸ਼ਾ ਤੋਂ ਆਇਆ ਹੈ। ਫਾਰਸੀ ਨੇ ਇਸ ਨੂੰ ਅਰਬ ਦੇਸ ਦੀ ਅਰਬੀ ਭਾਸ਼ਾ ਤੋਂ ਲਿਆ ਹੈ ਤੇ ਅਰਬੀ ਨੇ ਇਸ ਨੂੰ ਯੂਨਾਨ ਦੇਸ ਦੀ ਯੂਨਾਨੀ ਭਾਸ਼ਾ ਤੋਂ ਮੰਗਿਆ ਹੈ। ਯੂਨਾਨੀ ਵਿਚ ਇਹ ਸ਼ਬਦ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ। ਪਹਿਲਾ ਸ਼ਬਦ ਮੌ ਹੈ ਤੇ ਦੂਜਾ ਸ਼ਬਦ ਸੀਕੀ ਹੈ ਮੌ ਦਾ ਅਰਥ ਅਵਾਜ਼ ਹੈ, ਸੀਕੀ ਦਾ ਅਰਥ ਗੰਦਣਾ ਹੈ ਅਤੇ ਮੌਸੀਕੀ ਦਾ ਅਰਥ ਅਵਾਜ਼ ਨੂੰ ਬੰਨਣਾ ਹੈ। ਯੂਨਾਨੀ ਤੋਂ ਇਹ ਸ਼ਬਦ ਇਕ ਪਾਸੇ ਤਾਂ ਏਸ਼ੀਆ ਮਹਾਂਦੀਪ ਦੇ ਅਰਬ, ਫਾਰਸ ਦੇਸਾਂ ਵਿਚ ਆਇਆ ਅਤੇ ਦੂਜੇ ਪਾਸੇ ਯੋਰਪ ਮਹਾਂਦੀਪ ਦੇ ਫਰਾਂਸ ਦੇਸ ਵਿਚ ਗਿਆ। ਫਰਾਂਸੀਸੀਆਂ ਨੇ ਇਸਨੂੰ ਮੌਜ਼ੀਕੀ ਕਿਹਾ ਮੌਜ਼ੀਕੀ ਵਿਗੜ ਕੇ ਮਿਊਜ਼ਿਕ ਬਣ ਗਿਆ। ਫਰਾਂਸੀਸੀ ਭਾਸ਼ਾ ਰੋਮਨ ਲਿਪੀ ਵਿਚ ਲਿਖੀ ਜਾਂਦੀ ਹੈ ਪਰ ਇਸਦੇ ਅੱਖਰ Muicq ਬਣੇ ਇੰਗਲੈਂਡ ਦੇਸ ਦੀ ਅੰਗਰੇਜ਼ੀ ਭਾਸ਼ਾ ਨੇ ਇਸੇ ਸ਼ਬਦ ਨੂੰ ਅਪਨਾਇਆ ਪਰ ਅਖੱਰ ਰੋਮਨ ਲਿਪੀ ਵਿਚ ਲਿਖੇ ਜਾਣ ਦੇ ਬਾਵਜੂਦ ਵੀ ਬਦਲ ਕੇ Music ਕਰ ਦਿੱਤੇ। ਭਾਸ਼ਾ ਦੇ ਅਧਾਰ ਤੇ ਤਾਂ ਸੰਗੀਤ ਅਤੇ ਮਿਊਜ਼ਿਕ ਦਾ ਅਰਥ ਇਕੋ ਹੀ ਹੈ ਪਰ ਸੰਗੀਤ ਦੇ ਅਧਾਰ ਤੇ ਅਰਥ ਫਰਕ ਹਨ। ਸੰਗੀਤ ਵਿਚ ਗਾਉਣਾ, ਵਜਾਉਣਾ ਤੇ ਨੱਚਣਾ ਸ਼ਾਮਲ ਹੈ। ਪਰ ਮਿਊਜ਼ਿਕ ਵਿਚ ਸਿਰਫ ਗਾਣਾ ਤੇ ਵਜਾਉਣਾ ਹੈ। ਨਾਚ ਵਖਰਾ ਹੈ।

ਭਾਰਤ ਵਿਚ ਦੋ ਸੰਗੀਤ ਪੱਧਤੀਆਂ ਪ੍ਰਚਲਤ ਹਨ। ਇਹਨਾਂ ਵਿਚੋਂ ਇਕ ਉਤੱਰੀ ਪੱਧਤੀ ਹੈ ਇਸ ਨੂੰ ਹਿੰਦੋਸਤਾਨੀ ਵੀ ਕਹਿੰਦੇ ਹਨ। ਇਸ ਪੱਧਤੀ ਦੀ ਗਾਇਨ ਕਲਾ ਨੂੰ ਸ਼ੈਲੀਆ ਦੇ ਅਧਾਰ ਤੇ ਚਾਰ ਹਿਸਿਆਂ ਵਿਚ ਵੰਡਿਆਂ ਜਾਂਦਾ ਹੈ। (1) ਸ਼ਾਸਤ੍ਰੀ ਗਾਇਨ (2) ਉਪ ਸ਼ਾਸਤ੍ਰੀ ਗਾਇਨ (3) ਸੁਗਮ ਗਾਇਨ (4) ਲੋਕ ਗਾਇਨ।

ਧ੍ਰੂਪਦ ਵਰਗੀਆਂ ਗਾਇਨ ਸ਼ੈਲੀਆ ਤੋਂ ਪਹਿਲੇ ਤਾਨ ਰਹਿਤ ਨੋਮ, ਤੋਮ ਦਾ ਅਲਾਪ ਹੁੰਦਾ ਹੈ। ਖਿਆਲ ਵਰਗੀਆਂ ਗਾਇਨ ਸ਼ੈਲੀਆ ਤੋਂ ਪਹਿਲੇ ਥੋੜਾ ਜਿਹਾ ਤਾਨ ਰਹਿਤ ਅਕਾਰ ਦਾ ਜਾਂ ਨੋਮ, ਤੋਮ ਦਾ ਅਲਾਪ ਹੁੰਦਾ ਹੈ ਤੇ ਸ਼ੈਲੀਆ ਵਿਚ ਤਾਨ ਸਹਿਤ ਅਕਾਰ ਦਾ ਅਤੇ ਬੋਲ ਅਲਾਪ ਹੁੰਦਾ ਹੈ ਉਤੱਰੀ ਪੱਧਤੀ ਦੀਆਂ ਕਈ ਗਾਇਨ ਸ਼ੈਲੀਆ ਵਿਚ ਕਈ ਪ੍ਰਕਾਰ ਦੀਆਂ ਤਾਨਾਂ ਤੇ ਕਈ ਕਿਸਮਾਂ ਦੇ ਅਲੰਕਾਰਕ ਸੁਰਾਂ ਤੇ ਅਨੇਕਾਂ ਤਾਨਾਂ ਵਰਤੀਆਂ ਜਾਂਦੀਆਂ ਹਨ। ●

(ਇਹ ਲੇਖ ਦਿੱਲੀ ਵਿਸ਼ਵ ਵਿਦਿਆਲੇ ਦੇ ਸੰਗੀਤ ਅਤੇ ਕੋਮਲ ਹੁਨਰ ਵਿਭਾਗ ਦੇ ਸ਼ੋਧ ਕਰਤਾ ਪ੍ਰਾਅਧਿਆਪਕ ਜਤਿੰਦਰ ਸਿੰਘ ਦੇ ਹਿੰਦੀ ਵਿਚ ਲਿਖੇ ਜਾ ਰਹੇ ਸ਼ੋਧ ਪ੍ਰਬੰਧ ਦਾ ਇਕ ਅੰਸ਼ ਹੈ ਜੋ ਉਨ੍ਹਾਂ ਨੇ ਆਪ ਹੀ ਪੰਜਾਬੀ ਵਿਚ ਉਲਥਾਇਆ ਹੈ।)



Namdhari Elibrary NamdhariElibrary@gmail.com

ਮਿੰਨੀ ਕਹਾਣੀ ਸੰਗ੍ਰਹਿ

# ਇਨਸਾਨ ਵਿਕਦੇ ਨੇ

## ਕੇ. ਐਲ. ਗਰਗ ਦੀਆ ਨਜ਼ਰਾਂ 'ਚ

ਮਿੰਨੀ ਕਹਾਣੀ ਸੰਗ੍ਰਹਿ 'ਇਨਸਾਨ ਵਿਕਦੇ ਨੇ' ਜਿਸ ਨੂੰ ਕੇ. ਮਨਜੀਤ 'ਲੁਧਿਆਣਵੀ' ਅਤੇ ਅਮਰਜੀਤ 'ਕਥੂਰੀਆ' ਨੇ ਸੰਪਾਦਿਤ ਕੀਤਾ ਹੈ ਸਾਡੇ ਸਾਹਮਣੇ ਹੈ। ਇਸ ਵਿਚ ਕੁਲ ਮਿਲਾ ਕੇ 25 ਕਹਾਣੀਕਾਰਾਂ ਦੀਆਂ ਅਲੱਗ ਅਲੱਗ ਗਿਣਤੀ ਵਿਚ ਨਿੱਕੀਆਂ, ਮੂਲੋਂ ਈ ਨਿੱਕੀਆਂ, ਵੱਡੀਆਂ ਤੇ ਮੂਲੋਂ ਈ ਵੱਡੀਆਂ ਕਹਾਣੀਆਂ ਸ਼ਾਮਿਲ ਹਨ। ਕਈ ਕਹਾਣੀਆਂ ਦਾ ਆਕਾਰ ਵੇਖਕੇ ਤਾਂ ਇਸ ਦੇ ਮਿੰਨੀ ਕਹਾਣੀ ਸੰਗ੍ਰਹਿ ਹੋਣ ਤੇ ਸ਼ੰਕਾ ਉਪਜਦੀ ਹੈ ! ਕੁਝ ਚਿਹਰੇ ਜਿਵੇਂ ਸੁਰਿੰਦਰ ਜੀਤ ਸਿੰਘ, ਗੁਰਮੇਲ ਮਡਾਹੜ, ਤਿਲਕ ਰਾਜਪੂਤ, ਹਰਵਿੰਦਰ ਮਾਨ, ਐਸ. ਦੇਵਿੰਦਰ 'ਸੇਠੀ' ਅਮਰਜੀਤ ਕਥੂਰੀਆ ਅਤੇ ਕੇ ਮਨਜੀਤ ਲੁਧਿਆਣਵੀ ਜਾਣੇ ਪਹਿਚਾਨੇ ਹਨ ਜਿੰਨ੍ਹਾਂ ਦੀਆਂ ਰਚਨਾਵਾਂ ਅਕਸਰ ਛਪਦੀਆਂ ਹੀ ਰਹਿੰਦੀਆਂ ਸਨ ਪਰ ਬਾਕੀ ਕਹਾਣੀਕਾਰ ਲੱਗਪਗ ਨਵੇਂ ਹੀ ਹਨ !

ਆਧੁਨਿਕ ਪੂੰਜੀਵਾਦੀ ਕਾਣੀ ਵੰਡ ਨੇ ਜਿਹੋ ਜਿਹੀ ਆਰਥਿਕ ਵਿਵਸਥਾ ਨੂੰ ਜਨਮ ਦਿੱਤਾ ਹੈ ਜਿਸ ਵਿਚ 'ਇਨਸਾਨ' ਦਾਨਾ ਮੰਡੀ ਦੀ ਜਿਨਸ ਜਾਂ ਪਸ਼ੂ ਮੰਡੀ ਵਿਚ ਵਿਕਣ ਵਾਲੀ ਗਾਂ, ਮੱਝ ਜਾਂ ਬੈਲ ਬਣਕੇ ਰਹਿ ਗਿਆ ਹੈ ! ਲੋਟੂ ਸ਼੍ਰੇਣੀ ਹੁਸਨ ਨੂੰ ਡੀਕਦੀ ਹੈ ਤੇ ਜਿਸਮਾਂ ਨੂੰ ਲੂੰਹਦੀ ਹੈ। ਵੇਹਲੜ ਲੋਕ ਕ੍ਰਿਤੀ ਦੀ ਕਮਾਈ ਨੂੰ ਚੂੰਗੀਆਂ ਭਰ ਭਰ ਨੋਚਦੇ ਨੇ......ਗਿਰਝਾਂ ਵਾਂਗੂ, ਸ਼ਮਸ਼ਾਨ 'ਚ ਰਹਿਣ ਵਾਲੇ ਕੁੱਤਿਆਂ ਵਾਂਗੂ ਇਹੋ ਬੇਸਿਕ ਥੀਮ ਤੇ ਇਹ ਸੰਗ੍ਰਹਿ ਉਸਰਿਆ ਹੋਇਆ ਹੈ। ਇਨਸਾਨ ਵਿਕਦਾ ਹੈ ਪਰ ਉਸਦੇ ਰੂਪ ਵੱਖ ਵੱਖ ਹਨ ਕਿਤੇ ਉਸਦਾ ਜਿਸਮ ਵਿਕਦਾ ਹੈ, ਕਿਤੇ ਜ਼ਮੀਰ ਤੇ ਕਿਤੇ ਬੁੱਧੀ !

ਸੁਰਿੰਦਰ ਜੀਤ ਸਿੰਘ ਦੀਆਂ ਲੱਗ ਭੱਗ ਸਾਰੀਆਂ 8 ਕਹਾਣੀਆਂ ਵਿਚ ਹੀ ਕਾਹਲ ਹੈ, ਸ਼ਬਦਾਂ ਦਾ ਵਾਧੂ ਪ੍ਰਯੋਗ ਹੈ, ਹਦੋਂ ਵੱਧ ਭਾਵੁਕਤਾ ਹੈ ਜੋ ਸ਼ਾਇਦ ਉਸਦੀ ਉਮਰ ਦੀ ਮਜਬੂਰੀ ਹੈ। 'ਪਵਿੱਤਰ ਪਿਆਰ' ਵਰਗੀ ਕਹਾਣੀ ਦਾ ਸਟਾਈਲ ਤਾਂ ਬਿਲਕੁਲ ਫ਼ਿਲਮੀ ਜਿਹਾ ਲੱਗਦਾ ਹੈ।

ਰਜਨੀਸ਼ ਕੌਰ ਗਿੱਲ ਦੀ ਕਹਾਣੀ 'ਸੁਲਗਦੀ ਲਾਸ਼' ਔਰਤ ਦੇ ਅੰਦਰ ਸੁਲਗਦੇ ਅਹਿਸਾਸਾਂ ਦੀ ਬੜੇ ਹੀ ਟੁੰਭਵੇਂ ਤੇ ਕਲਾ ਪੂਰਣ ਢੰਗ ਨਾਲ ਤਰਜਮਾਨੀ ਕਰਦੀ ਹੈ ਜਦੋਂ ਭੈਣ ਵੀ ਪਿਆਰ ਨੂੰ ਖੋਹਣ ਦਾ ਯਤਨ ਕਰੇ ਤਾਂ ਉਹ ਸੌਂਕਣ ਲੱਗਦੀ ਹੈ। ਗੁਰਮੇਲ ਮਡਾਹੜ ਦੀ ਕਹਾਣੀ 'ਮਿੰਨੀ ਕਲਾ ਦੀ ਕਸੌਟੀ ਤੇ ਚੌਵੀ ਕੈਰੇਟ ਸੋਨਾ ਸਾਬਤ ਹੁੰਦੀ ਹੈ। ਸੁਰਜੀਤ ਧਾਮੀ ਦੀ 'ਇੰਟਰਵਿਊ' ਵਿਦਿਆਰਥੀ ਰੋਹ ਅਤੇ ਉਸ ਰੋਹ ਵਿਚ ਹੀ ਸੜ ਰਹੇ ਵਿਦਿਆਰਥੀਆਂ ਦਾ ਚੰਗਾ ਚਿੱਤਰ ਪੇਸ਼ ਕਰਦੀ ਹੈ ! ਪਰੋਮਿਲਜੀਤ ਵਿਕਟਰ ਦੀ ਕਹਾਣੀ 'ਰਹਿਮ' ਇਮਤਿਹਾਨਾਂ ਵਿਚ ਸੁਪਰਡੈਂਟ ਲੱਗਕੇ ਮਾਲ ਛੱਕਣ ਵਾਲੇ ਅਧਿਆਪਕ ਤੇ ਕਰਾਰਾ ਵਿਅੰਗ ਹੈ। ਅਵਤਾਰ 'ਓਆਣ' ਦੀਆਂ ਪੰਜ ਕਹਾਣੀਆਂ 'ਚ ਸ਼ਹਿਰੀਅਤ 'ਚੋਂ ਉਪਜੇ ਸਸਤੇ ਕਾਮ ਤਮਾਸ਼ਿਆਂ, ਲਿੰਗ ਪੂਰਤੀ ਲਈ ਚਲਦੇ ਅੰਡਰ ਗਰਾਊਂਡ ਅੱਡਿਆਂ 'ਚ ਕਿਵੇਂ ਭੋਲੀਆਂ ਭਾਲੀਆਂ ਕੁੜੀਆਂ ਨੂੰ ਫਾਹਿਆ ਜਾਂਦਾ ਹੈ, ਡੇਰਿਆਂ ਦੇ ਅੰਤਾਂ ਦੇ ਕਾਲੇ ਕਾਰਨਾਮਿਆਂ ਤੇ ਭੈਣ ਦੇ ਪਰਦੇ ਹੇਠ ਬਣੇ ਜੂਠੇ ਰਿਸ਼ਤਿਆਂ ਦਾ ਵਰਨਣ ਹੈ ! ਅਮਰਜੀਤ 'ਰਾਹੀ' ਦੀ ਕਹਾਣੀ 'ਪ੍ਰਸ਼ਨ ਚਿੰਨ੍ਹ' ਸੱਚੇ ਨੂੰ ਆਦਮੀ ਦਾ ਪਿਉ ਸਿੱਧ ਕਰਦੀ ਹੈ ! ਇੰਦਰ ਸਿੰਘ ਗੋਗੀਆ ਦੀ ਕਹਾਣੀ 'ਪਾਰਟੀ' ਸ਼ਹਿਰੀ ਖੋਖਲੇ ਪਨ 'ਚੋਂ ਉਪਜੀ ਲੂੰਮੜ ਵਿਰਤੀ ਦਾ ਚੰਗਾ ਦ੍ਰਿਸ਼ ਪੇਸ਼ ਕਰਦੀ ਹੈ। ਵਿਨੋਦ 'ਰਤਨ' ਆਪਣੀ ਕਹਾਣੀ 'ਜ਼ਹਨ' ਵਿਚ ਗਰੀਬੀ 'ਚੋਂ ਉਪਜੇ ਸਵੈਮਾਨ ਦੀ ਲੀਕ ਪਾਠਕਾਂ ਦੇ ਮਨ ਤੇ ਖਿੱਚਣ ਵਿਚ ਕਾਮਯਾਬ ਹੋਇਆ ਹੈ। ਕਹਾਣੀਕਾਰ ਤਿਲਕ ਰਾਜਪੂਤ ਦੀ ਕਹਾਣੀ 'ਮੁਸੀਬਤ' ਅਜੋਕੀ ਪੜ੍ਹਾਈ ਦੀ ਗਿਰ ਰਹੀ ਕੀਮਤ ਬਾਰੇ ਚਾਨਣਾ ਪਾਉਂਦੀ ਹੈ ਜਿੱਥੇ ਪੜ੍ਹੀਆਂ ਲਿਖੀਆਂ ਕੁੜੀਆਂ ਘੋਗੜਾਂ ਦੇ ਲੜ ਲੱਗਨ ਲਈ ਮਜਬੂਰ ਹਨ ਅਤੇ ਉਹ ਸੈਕਸ ਜੀਵਨ ਦੀਆਂ ਗੁਝੀਆਂ ਰਮਜ਼ਾਂ ਤੇ ਚਾਨਣਾ ਪਾਉਂਦੀ ਹੈ। ਹਰਵਿੰਦਰ ਮਾਨ ਦੀ ਖਲਾਅ 'ਚ ਲਟਕਦੀ ਕੁੜੀ' ਸ਼ਹਿਰੀ ਕਹਾਣੀ ਲਈ ਢੁੱਕਵੀ ਅਤੇ ਸੋਬ ਚਾਲ ਦੀ ਭਾਸ਼ਾ ਫੜਣ ਵਿਚ ਕਾਮਯਾਬ ਰਹੀ ਹੈ। ਐਸ. ਦੇਵਿੰਦਰ ਸੇਠੀ ਦੀਆਂ ਪੰਜ ਕਹਾਣੀਆਂ 'ਚੋਂ 'ਅਨਾੜੀ' ਅਤੇ 'ਨਿਰਾਸ਼ ਖੁਸ਼ੀ' ਮੰਨ ਟੁੰਬਦੀਆਂ ਹਨ ਤੇ ਸਦੀਵੀ ਪ੍ਰਭਾਵ ਛੱਡਣ ਵਿਚ ਸਫ਼ਲ ਰਹੀਆਂ ਹਨ ! ਹਰਿੰਦਰ 'ਮਿੰਨੀ' ਦੀ ਕਹਾਣੀ 'ਇੰਤਜ਼ਾਰ' ਇਸ ਥੀਮ ਨੂੰ ਪ੍ਰਗਟ ਕਰਦੀ ਹੈ ਕਿ ਪਿਆਰ ਮਿਲਣ ਦੀ ਤਾਂਘ ਪੂੰਜੀਵਾਦੀ ਯੁੱਗ ਵਿਚ ਦੁਖਾਂਤ ਦਾ ਕਾਰਣ ਬਣਦੀ ਹੈ। ਰੂਪ ਸਿੰਘ 'ਕੰਵਲ' ਦੀ ਕਹਾਣੀ 'ਦੋ ਰੂਹਾਂ' ਕਹਾਣੀ ਨਾਲੋਂ ਪ੍ਰਸਤਾਵ ਵਧੇਰੇ ਜਾਪਦਾ ਹੈ। ਪ੍ਰਚਾਰਵਾਦ ਹੀ ਕਹਾਣੀ ਨਹੀਂ ਹੁੰਦਾ।

ਅਮਰਜੀਤ ਕਥੂਰੀਆ ਦੀ 'ਮਾਸਖੋਰ' ਭਾਂਵੇ ਮਿੰਨੀ ਕਹਾਣੀ ਨਹੀਂ ਪਰ ਘਰਾਂ 'ਚ ਕੰਮ ਕਰਨ ਵਾਲੀਆਂ ਔਰਤਾਂ ਦੀ ਬਦਹੁਰਮਤੀ ਨੂੰ ਉਸ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਸੁਰਿੰਦਰ ਦੇਹਲਵੀ 'ਤੋਤਲੇ ਬੋਲ' ਵਿਚ ਵਿਅੰਗ ਪੂਰਣ ਢੰਗ ਨਾਲ ਬੋਲਣ ਲੱਗੇ ਬੜੀ ਹੀ ਵੱਡੀ ਗੱਲ ਕਹਿ ਗਿਆ ਹੈ। ਕੇ. ਮਨਜੀਤ ਦੀ ਕਹਾਣੀ 'ਜ਼ਹਿਰ' ਬਣਦੇ ਟੁਟਦੇ ਰਿਸ਼ਤਿਆਂ ਅਤੇ ਔਰਤ ਦੀ ਮਜਬੂਰੀ ਦੀ ਕਹਾਣੀ ਹੈ। ਇਹ ਸਮੇਂ ਨਾਲ ਸਮਝੌਤਾ ਨਾ ਕਰ ਸਕਣ ਵਾਲੀ ਕੁੜੀ ਦੇ ਦੁਖਾਂਤ ਨੂੰ ਸਜੀਲੇ ਰੂਪ 'ਚ ਪੇਸ਼ ਕਰਦੀ ਹੈ। ਹਰਭਜਨ ਫਲੇਵਲਾਵੀ 'ਜ਼ਮੀਰ ਦੇ ਜ਼ਖਮ' ਕਹਾਣੀ 'ਚ ਨਿਮਨ ਮੱਧ ਵਰਗ ਦੀ ਸੂਝ ਦੇ ਕਤਲ ਹੋਣ ਦੇ ਦੁਖਾਂਤ ਤੇ ਉਂਗਲੀ ਧਰਦਾ ਹੈ। ●



Namdhari Elibrary NamdhariElibrary@gmail.com

# ਹੜ੍ਹਾਂ ਦਾ ਪ੍ਰਕੋਪ



ਦੇਸ਼ ਵਿਚ ਇਸ ਵਾਰ ਹੜ੍ਹਾਂ ਦੇ ਪ੍ਰਕੋਪ ਕਾਰਨ ਭਿਆਨਕ ਤਬਾਹੀ ਹੋਈ ਹੈ। ਤਸਵੀਰ ਵਿਚੋਂ, ਸਿਰ ਲੁਕਾਈ ਵਾਸਤੇ ਥਾਂ ਦੀ ਭਾਲ ਕਰ ਰਹੇ ਲੋਕਾਂ ਦੀ ਹਾਲਤ ਦਾ ਪਤਾ ਲਗਦਾ ਹੈ।

Namdhari Elibrary NamdhariElibrary@gmail.com

Registered : P/JL—97 MONTHLY WARIAM September, 1978
Registered with the registrar of News Papers for India No. 26453/75

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

# ASOKA BISCUIT

ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ [illegible]




**WANTED SUB DEALERS**

ਡੀਲਰ ਸ਼ਿਪ ਲਈ ਲਿਖੋ ਜਾਂ ਮਿਲੋ

Phones : 565693
562588

***Sri Hari Partap Trading Centre***

**Satguru Partap Singh Market, 10166 Gurdwara Road,**
**KAROL BAGH — NEW DELHI-110005**

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ । ਪ੍ਰਕਾਸ਼ਨ ਮਿਤੀ 9-9-1978

Namdhari Elibrary NamdhariElibrary@gmail.com